# ਸਾਡੇ ਮਾਰਗ ਦਰਸ਼ਕ



**ਐਡਵੋਕੇਟ ਹਰਜਿੰਦਰ ਸਿੰਘ ਧਾਮੀ**
ਪ੍ਰਧਾਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ



**ਸ. ਗੁਲਜ਼ਾਰ ਸਿੰਘ ਰਣੀਕੇ**
ਸਾਬਕਾ ਕੈਬਨਿਟ ਮੰਤਰੀ, ਪੰਜਾਬ



**ਸ. ਸੁਖਮਿੰਦਰ ਸਿੰਘ**
ਸਕੱਤਰ ਵਿੱਦਿਆ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ

# ਮਾਣਯੋਗ ਸ਼ਖ਼ਸੀਅਤਾਂ



**ਬਾਬਾ ਨਿਰਮਲ ਸਿੰਘ ਨੌਸ਼ਹਿਰਾ ਢਾਲਾ**
**ਮੈਂਬਰ**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ



**ਸ. ਮੰਗਵਿੰਦਰ ਸਿੰਘ ਖਾਪੜਖੇੜੀ**
**ਮੈਂਬਰ**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ



**ਸ. ਗੁਰਿੰਦਰਪਾਲ ਸਿੰਘ**
**ਮੈਂਬਰ**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ



**ਸ. ਸੁਰਜੀਤ ਸਿੰਘ ਭਿੱਟੇਵਡ**
**ਮੈਂਬਰ**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ



# ਸੰਦੇਸ਼

ਪਿਆਰੇ ਵਿਦਿਆਰਥੀਓ,

ਗੁਰੂ ਨਾਨਕ ਸਾਹਿਬ ਦੇ ਪਾਵਨ ਬਚਨ ‘ਵਿਦਿਆ ਵੀਚਾਰੀ ਤਾਂ ਪਰਉਪਕਾਰੀ’ ਦੇ ਬ੍ਰਹਿਮੰਡੀ ਬੋਲ ਨੂੰ ਸਮਾਜ ਤੱਕ ਲੈ ਕੇ ਜਾਣਾ ਸੰਸਥਾ ਦਾ ਮੂਲ ਮੰਤਵ ਹੈ। ਵਿੱਦਿਆ ਅਜਿਹੀ ਸਮਝ ਦਾ ਵਿਕਾਸ ਕਰਦੀ ਹੈ ਜਿਸ ਨਾਲ ਵਿਦਿਆਰਥੀ ਬ੍ਰਹਿਮੰਡੀ ਸਵਾਲਾਂ ਦੇ ਉੱਤਰ ਤਲਾਸ਼ ਸਕਣ ਅਤੇ ਮੌਲਿਕ ਸਮਝ ਬਣਾਉਣ ਦੇ ਸਮਰੱਥ ਹੋ ਸਕਣ। ਪੰਜਾਬ ਦੀ ਸਿੱਖਿਆ ਨੇ ਜਿਸ ਗੁਰਮਤਿ ਦਰਸ਼ਨ ਦੀ ‘ਵੀਚਾਰ’ ਕਰਨੀ ਹੈ, ਇਸ ਯੁਗ ਵਿੱਚ ਉਹ ਇਸ ਦਰਸ਼ਨ ਤੋਂ ਦੂਰ ਹੋ ਰਹੀ ਹੈ। ਪੰਜਾਬ ਦੀ ਸਿੱਖਿਆ ਵਿੱਚ ਸਿੱਖ ਸੁਰਤਿ ਦੀ ਪਰਵਾਜ਼ ਹੋਣੀ ਇਸ ਲਈ ਵੀ ਜ਼ਰੂਰੀ ਹੈ ਕਿ ਪੰਜਾਬ ਗੁਰਾਂ ਦੇ ਨਾਮ ’ਤੇ ਜਿਊਂਦਾ ਹੈ। ਸਿੱਖ ਸੁਰਤਿ ਦੀ ਪਰਵਾਜ਼ ਸਬਰ, ਸੰਤੋਖ ਅਤੇ ਵਿਚਾਰ ਦਾ ਸੁਮੇਲ ਹੈ। ਗੁਰੂ ਨਾਨਕ ਸਾਹਿਬ ਦਾ ਪਾਤਸ਼ਾਹੀ ਦਾਅਵਾ ਇਸ ਸੁਰਤਿ ਰਾਹੀਂ ਜਿਊਣ ਦੇ ਕਾਬਲ ਬਣਾਉਂਦਾ ਹੈ। ਫਰੀਦ ਸਾਹਿਬ ਦਾ ਪਾਵਨ ਬਚਨ ਹੈ “ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥ ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥ ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥ ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥ ” ਕਿ ਮੀਂਹ ਪੈਂਦਾ ਹੋਵੇ, ਕੰਬਲੀ ਭਿੱਜ ਜਾਵੇ ਉਸ ਪਿਆਰੇ ਨੂੰ ਮਿਲਣਾ ਜ਼ਰੂਰ ਹੈ, ਜੇਕਰ ਨਾ ਮਿਲਿਆ ਗਿਆ ਤਾਂ ਨੇਹੁੰ ਟੁੱਟ ਜਾਵੇਗਾ। ਫਰੀਦ ਸਾਹਿਬ ਅਨੁਸਾਰ ਇਹ ਨੇਹੁੰ ਸਿੱਖ ਸੁਰਤਿ ਦੇ ਸਿਦਕ ਨਿਭਣ ਦਾ ਸਿਖਰ ਹੈ।

ਇਸ ਪਦਾਰਥਵਾਦੀ ਸਮੇਂ ਵਿੱਚ ਸਰਕਾਰਾਂ ਦੇ ਗੈਰ ਜ਼ੁੰਮੇਵਾਰੀ ਵਾਲੇ ਰਵੱਈਏ ਕਰਕੇ ਜਿਸ ਤਰ੍ਹਾਂ ਦੀ ਉਥਲ ਪੁਥਲ ਹੋਈ ਹੈ, ਇਸਨੇ ਪੰਜਾਬ ਨੂੰ ਸਿਰਫ਼ ਮਾਨਵਤਾ ਤੋਂ ਹੀ ਦੂਰ ਨਹੀਂ ਕੀਤਾ ਬਲਕਿ ਪਰਵਾਸ ਵੀ ਵਧ ਗਿਆ ਹੈ। ਸਮਕਾਲ ਵਿੱਚ ਸਿੱਖਿਆ ਸੰਸਥਾਵਾਂ ਇਕਹਿਰੀ ਤਰਜ਼ ਦਾ ਸਿੱਖਿਆ ਪ੍ਰਬੰਧ ਉਸਾਰ ਰਹੀਆਂ ਹਨ ਜਿਸ ਨਾਲ ਸਿਖਿਆਰਥੀ ਅੰਦਰਲੀ ‘ਬੰਦਿਆਈ’ ਮਕਾਨਕੀ ਕਿਸਮ ਦੀ ‘ਵਸਤੂ’ ਵਿੱਚ ਤਬਦੀਲ ਹੁੰਦੀ ਹੈ। ਅੱਜ ਵਿਸ਼ਵ ਵਿੱਚ ਵਿੱਦਿਆ ਅਤੇ ਵਿਦਿਆਰਥੀ ਦਾ ਬਜ਼ਾਰੀਕਰਨ ਹੋ ਰਿਹਾ ਹੈ ਪਰ ਵਿੱਦਿਆ ਦਾ ਅਸਲ ਅਰਥ ‘ਪਰਉਪਕਾਰ’ ਹੈ। ਸਿੱਖਿਆ ਦਾ ਸਿੱਧਾ ਸਬੰਧ ਸੰਵੇਦਨਾ ਨਾਲ ਹੈ; ਸੰਵੇਦਨਾ ਖ਼ੁਦ.ਗਰਜ਼ੀਆਂ ਤੋਂ ਲਾਂਭੇ ਕਰਕੇ ਸਿਖਿਆਰਥੀ ਅੰਦਰ ‘ਬੰਦਿਆਈ’ ਪੈਦਾ ਕਰਦੀ ਹੈ। ਉਸ ਅੰਦਰਲੀ ਅਸਲ ਵਿੱਦਿਆ ਸਮਾਜ ਲਈ ਰਾਹ ਦਸੇਰਾ ਬਣਦੀ ਹੈ। ਇਹੀ ਗੁਰੂ ਸਾਹਿਬ ਦਾ ਬ੍ਰਹਿਮੰਡੀ ਆਦਰਸ਼ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲਦੀਆਂ ਸੰਸਥਾਵਾਂ ਨੇ ਇਸੇ ਬ੍ਰਹਿਮੰਡੀ ਆਦਰਸ਼ ਦੇ ਸਨਮੁਖ ਹੋ ਆਪਣੀ ਹੋਂਦ/ਵਿਰਾਸਤ ਨੂੰ ਜਿੰਦਾ ਰੱਖਿਆ ਹੈ। ਇਨ੍ਹਾਂ ਸੰਸਥਾਵਾਂ ਦਾ ਮਨੋਰਥ ਜਿੱਥੇ ਕਿੱਤਾਮੁਖੀ ਸਿੱਖਿਆ ਰਾਹੀਂ ਰੁਜ਼ਗਾਰ ਮੁਹੱਈਆ ਕਰਵਾਉਣਾ ਹੈ ਉੱਥੇ ਹੀ ਵਿਦਿਆਰਥੀਆਂ ਨੂੰ ਸਚਿਆਰ ਬਣਾਉਣਾ ਵੀ ਉਦੇਸ਼ ਹੈ।

ਮੈਂ ਸੰਸਥਾ ਵਿੱਚ ਦਾਖ਼ਲਾ ਲੈਣ ਵਾਲੇ ਸਮੂਹ ਵਿਦਿਆਰਥੀਆਂ ਨੂੰ ‘ਜੀ ਆਇਆਂ’ ਆਖਦਾ ਹੋਇਆ ਸਭ ਦੇ ਸੁਨਹਿਰੇ ਭਵਿੱਖ ਲਈ ਅਰਦਾਸ ਕਰਦਾ ਹਾਂ।

**ਐਡਵੋਕੇਟ ਹਰਜਿੰਦਰ ਸਿੰਘ ਧਾਮੀ**
**ਪ੍ਰਧਾਨ**
**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**
**ਸ੍ਰੀ ਅੰਮ੍ਰਿਤਸਰ ਸਾਹਿਬ**



# ਸੰਦੇਸ਼

ਸਿੱਖ ਧਰਮ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਜਿੱਥੇ ਲਗਭਗ ਸੌ ਸਾਲਾਂ ਤੋਂ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾ ਰਹੀ ਹੈ, ਉੱਥੇ ਗੁਰਬਾਣੀ ਦੇ ਸੰਦੇਸ਼ 'ਵਿਦਿਆ ਵੀਚਾਰੀ ਤਾਂ ਪਰਉਪਕਾਰੀ' ਨੂੰ ਅਮਲੀ ਜਾਮਾ ਪਹਿਨਾਉਂਦਿਆਂ ਸਿੱਖਿਅਤ ਸਮਾਜ ਦੀ ਉਸਾਰੀ ਕਰਨ ਵਾਸਤੇ 45 ਸਕੂਲ, 31 ਕਾਲਜ, 2 ਇੰਜੀਨੀਅਰਿੰਗ ਕਾਲਜ, 2 ਪੌਲੀਟੈਕਨੀਕਲ ਕਾਲਜ, 2 ਮੈਡੀਕਲ ਕਾਲਜ ਅਤੇ 2 ਯੂਨੀਵਰਸਿਟੀਆਂ ਵੀ ਚਲਾ ਰਹੀ ਹੈ।

ਇਨ੍ਹਾਂ ਸੰਸਥਾਵਾਂ ਵਿਚੋਂ ਸ਼ਹੀਦ ਬਾਬਾ ਜੀਵਨ ਸਿੰਘ ਖਾਲਸਾ ਕਾਲਜ, ਸਤਲਾਣੀ ਸਾਹਿਬ, ਨੇ ਵਿੱਦਿਆ ਦੇ ਪ੍ਰਚਾਰ/ਪਸਾਰ ਲਈ ਮਾਝਾ ਖੇਤਰ 'ਚ ਬਹੁਤ ਸ਼ਲਾਘਾਯੋਗ ਕਾਰਜ ਕੀਤੇ ਹਨ। ਵਿੱਦਿਅਕ ਪਸਾਰ ਦੇ ਨਾਲ-ਨਾਲ ਇਹ ਕਾਲਜ ਗੁਰਮਤਿ ਅਨੁਸਾਰ ਨੈਤਿਕ ਕਦਰਾਂ-ਕੀਮਤਾਂ, ਸਦਾਚਾਰਕ ਗੁਣਾਂ ਦਾ ਵਿਦਿਆਰਥੀਆਂ ਅੰਦਰ ਸੰਚਾਰ ਕਰਨ ਲਈ ਵੱਡੀ ਭੂਮਿਕਾ ਨਿਭਾ ਰਿਹਾ ਹੈ। ਕਾਲਜ ਦਾ ਸਮੁੱਚਾ ਸਟਾਫ਼ ਵਿਦਿਆਰਥੀਆਂ ਦੇ ਉਜਲੇ ਭਵਿੱਖ ਲਈ ਸ਼ਲਾਘਾਯੋਗ ਯਤਨ ਕਰ ਰਿਹਾ ਹੈ। ਮੈਂ ਸੰਸਥਾ ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਨੂੰ 'ਜੀ ਆਇਆਂ' ਆਖਦਾ ਹੋਇਆ ਸਭ ਦੇ ਸੁਨਹਿਰੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੰਦਾ ਹਾਂ।

**ਇੰਜ. ਸੁਖਮਿੰਦਰ ਸਿੰਘ**
**ਸਕੱਤਰ/ਡਾਇਰੈਕਟਰ (ਵਿੱਦਿਆ)**
**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**
**ਸ੍ਰੀ ਅੰਮ੍ਰਿਤਸਰ ਸਾਹਿਬ**



# ਸੰਦੇਸ਼

ਸ਼ਹੀਦ ਬਾਬਾ ਜੀਵਨ ਸਿੰਘ ਖ਼ਾਲਸਾ ਕਾਲਜ, ਸਤਲਾਣੀ ਸਾਹਿਬ, ਸ੍ਰੀ ਅੰਮ੍ਰਿਤਸਰ ਦਾ ਨੀਂਹ ਪੱਥਰ ਸਾਬਕਾ ਮੁੱਖ ਮੰਤਰੀ ਮਾਣਯੋਗ ਸ. ਪਰਕਾਸ਼ ਸਿੰਘ ਬਾਦਲ ਜੀ ਨੇ ਮਿਤੀ 17 ਦਸੰਬਰ 2008 ਈ. ਵਿਚ ਰੱਖਿਆ ਸੀ। 2011 ਈ. ਵਿਚ ਇਸ ਕਾਲਜ ਨੇ ਇਮਾਰਤੀ ਰੂਪ ਵਿਚ ਮੁਕੰਮਲ ਹੋ ਕੇ ਵਿੱਦਿਅਕ ਸੰਸਥਾ ਵਜੋਂ ਹੋਂਦ ਗ੍ਰਹਿਣ ਕੀਤੀ। ਮੇਰਾ ਸੁਪਨਾ ਸੀ ਕਿ ਮੇਰੇ ਆਪਣੇ ਸਰਹੱਦੀ ਖੇਤਰ ਵਿਚ ਉਚੇਰੀ ਸਿੱਖਿਆ ਨਾਲ ਸੰਬੰਧਿਤ ਸੰਸਥਾ ਹੋਵੇ। ਮੇਰੇ ਇਸ ਸੁਪਨੇ ਨੂੰ ਮਾਣਯੋਗ ਸ. ਪਰਕਾਸ਼ ਸਿੰਘ ਬਾਦਲ ਜੀ ਅਤੇ ਮਾਣਯੋਗ ਜਥੇਦਾਰ ਅਵਤਾਰ ਸਿੰਘ ਜੀ ਦੇ ਹਾਂ-ਪੱਖੀ ਸਹਿਯੋਗ ਨੇ ਪੂਰਾ ਕੀਤਾ। ਇਸ ਸੰਸਥਾ ਦੇ ਪ੍ਰਿੰਸੀਪਲ ਅਤੇ ਸਟਾਫ਼ ਮੈਂਬਰ ਸਾਹਿਬਾਨ ਜੀ ਪਿਛਲੇ ਤੇਰ੍ਹਾਂ ਸਾਲਾਂ ਤੋਂ ਇਸ ਕਾਲਜ ਨੂੰ ਚਲਾਉਣ ਲਈ ਵਿਸ਼ੇਸ਼ ਰੂਪ ਵਿਚ ਕਾਰਜਸ਼ੀਲ ਹਨ। ਇਹ ਕਾਲਜ ਸਰਹੱਦੀ ਖੇਤਰ ਦੇ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਹੈ ਕਿਉਂਕਿ ਇਸ ਖੇਤਰ ਦੇ ਲੋਕ ਸ਼ਹਿਰੀ ਕਾਲਜਾਂ ਵਿਚ ਆਉਣ-ਜਾਣ ਦੀ ਮੁਸ਼ਕਿਲ ਅਤੇ ਵਧੇਰੇ ਖ਼ਰਚੇ ਕਾਰਨ ਪੜ੍ਹਨ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਕਾਲਜ ਦੀ ਹੋਂਦ ਕਾਰਨ ਬਹੁਤ ਸਾਰੇ ਵਿਦਿਆਰਥੀ ਇਸ ਸੰਸਥਾ ਵਿਚੋਂ ਸਿੱਖਿਆ ਗ੍ਰਹਿਣ ਕਰਕੇ ਚੰਗੇ ਨਾਗਰਿਕ ਬਣ ਕੇ ਆਪਣੀ ਚੰਗੀ ਰੋਜ਼ੀ-ਰੋਟੀ ਕਮਾ ਰਹੇ ਹਨ। ਮੈਂ ਚਾਹੁੰਦਾ ਹਾਂ ਕਿ ਮੇਰੇ ਹਲਕੇ ਦਾ ਕੋਈ ਵੀ ਨੌਜਵਾਨ ਉਚੇਰੀ ਵਿੱਦਿਆ ਤੋਂ ਵਾਂਝਾ ਨਾ ਰਹੇ, ਸਗੋਂ ਇਸ ਸੰਸਥਾ ਵਿਚ ਦਾਖਿਲ ਹੋ ਕੇ ਉਚੇਰੀ ਸਿੱਖਿਆ ਹਾਸਿਲ ਕਰ ਕੇ ਜੀਵਨ ਵਿਚ ਤਰੱਕੀ ਕਰੇ। ਮੈਂ ਇਸ ਨਵੇਂ ਅਕਾਦਮਿਕ ਸੈਸ਼ਨ ਦੌਰਾਨ ਪ੍ਰਾਸਪੈਕਟਸ ਦੇ ਪ੍ਰਕਾਸ਼ਿਤ ਹੋਣ ਮੌਕੇ ਕਾਲਜ ਦੇ ਪ੍ਰਿੰਸੀਪਲ, ਟੀਚਿੰਗ, ਨਾਨ-ਟੀਚਿੰਗ ਸਟਾਫ਼ ਅਤੇ ਵਿਦਿਆਰਥੀਆਂ ਨੂੰ ਦਿਲੋਂ ਸ਼ੁਭ-ਇੱਛਾਵਾਂ ਦਿੰਦਾ ਹੋਇਆ, ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹਾਂ ਕਿ ਇਹ ਕਾਲਜ ਨਿਰੰਤਰ ਉੱਨਤੀ ਦੀਆਂ ਮੰਜ਼ਿਲਾਂ ਨੂੰ ਛੂਹ ਕੇ ਆਪਣੀ ਨਿਵੇਕਲੀ ਪਛਾਣ ਬਣਾਉਣ ਵਿਚ ਹਮੇਸ਼ਾ ਸਫ਼ਲ ਰਹੇ।

ਸ. ਗੁਲਜ਼ਾਰ ਸਿੰਘ ਰਣੀਕੇ
ਸਾਬਕਾ ਕੈਬਨਿਟ ਮੰਤਰੀ



# ਸੰਦੇਸ਼

ਸਰਹੱਦੀ ਖੇਤਰ ਵਿਚ ਉੱਚ ਵਿੱਦਿਆ ਦੇ ਪ੍ਰਚਾਰ ਪਸਾਰ ਵਾਸਤੇ ਮਾਣਯੋਗ ਸਾਬਕਾ ਕੈਬਨਿਟ ਮੰਤਰੀ ਸ. ਗੁਲਜ਼ਾਰ ਸਿੰਘ ਰਣੀਕੇ ਦੇ ਵਿਸ਼ੇਸ਼ ਉਦਮਾਂ ਸਦਕਾ ਮਾਣਯੋਗ ਜੱਥੇਦਾਰ ਅਵਤਾਰ ਸਿੰਘ ਜੀ, ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੇ ਭਾਰਤ-ਪਾਕਿਸਤਾਨ ਦੀ ਸਰਹੱਦ 'ਤੇ ਸਥਿਤ ਸਤਲਾਣੀ ਸਾਹਿਬ ਹੁਸ਼ਿਆਰ ਨਗਰ ਵਿਖੇ ਸਾਲ 2011 ਵਿਚ ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ-ਰੰਗਰੇਟਾ ਗੁਰੂ ਕਾ ਬੇਟਾ) ਦੇ ਨਾਮ ਉੱਪਰ ਕਾਲਜ ਦੀ ਸਥਾਪਨਾ ਕੀਤੀ। ਇਸ ਦਾ ਨੀਂਹ-ਪੱਥਰ ਮਾਣਯੋਗ ਸਾਬਕਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਮਾਣਯੋਗ ਸਾਬਕਾ ਪ੍ਰਧਾਨ ਸਾਹਿਬ ਜੱਥੇਦਾਰ ਅਵਤਾਰ ਸਿੰਘ ਅਤੇ ਮਾਣਯੋਗ ਕੈਬਨਿਟ ਮੰਤਰੀ ਸ. ਗੁਲਜ਼ਾਰ ਸਿੰਘ ਰਣੀਕੇ ਨੇ ਮਿਤੀ 17 ਦਸੰਬਰ 2008 ਨੂੰ ਰੱਖਿਆ। ਸਾਲ 2013 ਤੋਂ ਇਸ ਦੀ ਐਫ਼ੀਲੀਏਸ਼ਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਪੰਜਾਬ ਸਕੂਲ ਸਿਖਿਆ ਬੋਰਡ ਮੋਹਾਲੀ ਨਾਲ ਹੋ ਚੁੱਕੀ ਹੈ। ਕਾਲਜ ਦੀ ਸਥਾਪਨਾ ਦਾ ਮੰਤਵ ਸਰਹੱਦੀ ਖੇਤਰ ਵਿਚ ਉੱਚ ਵਿਦਿਆ ਦਾ ਪ੍ਰਸਾਰ ਕਰਕੇ ਪਤਿਤਪੁਣੇ ਦਾ ਸ਼ਿਕਾਰ ਹੋ ਰਹੀ ਪੀੜ੍ਹੀ ਨੂੰ ਸਿੱਧੇ ਰਸਤੇ ਪਾਉਣਾ ਅਤੇ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਕਰਨਾ ਹੈ। ਇਸ ਸੰਦਰਭ ਵਿਚ ਪੜ੍ਹਾਈ ਦੇ ਨਾਲ-ਨਾਲ ਖੇਡਾਂ, ਸਹਿ-ਸੱਭਿਆਚਾਰਕ ਗਤੀਵਿਧੀਆਂ ਅਤੇ ਗੁਰਮਤਿ-ਪ੍ਰਚਾਰ ਕੈਂਪਾਂ ਦਾ ਆਯੋਜਨ ਕੀਤਾ ਜਾਂਦਾ ਹੈ। ਸਾਡੇ ਵਿਦਿਆਰਥੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਖੇਡਾਂ ਦੇ ਅੰਤਰ-ਕਾਲਜ ਮੁਕਾਬਲੇ ਅਤੇ ਖਾਲਸਾਈ ਖੇਡਾਂ ਵਿਚ ਵੱਡੀਆਂ ਮੱਲਾਂ ਮਾਰ ਚੁੱਕੇ ਹਨ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਯੂਥ ਫੈਸਟੀਵਲ ਅਤੇ ਖਾਲਸਾਈ ਯੁਵਕ ਮੇਲੇ ਦੌਰਾਨ ਵਾਰ, ਕਵੀਸ਼ਰੀ, ਗਿੱਧਾ, ਪੇਂਟਿੰਗ, ਲੋਕ-ਗੀਤ, ਧਾਰਮਿਕ ਕੁਇਜ਼, ਨਿਬੰਧ ਲੇਖਣ, ਧਾਰਮਿਕ ਪ੍ਰੀਖਿਆ, ਸੁੰਦਰ ਦਸਤਾਰ ਅਤੇ ਗੁਰਬਾਣੀ ਕੰਠ ਮੁਕਾਬਲਿਆਂ ਵਿਚੋਂ ਵਿਦਿਆਰਥੀਆਂ ਨੇ ਵਿਸ਼ੇਸ਼ ਸਥਾਨ ਹਾਸਲ ਕੀਤੇ ਹਨ।

ਮੈਂ ਤੇ ਮੇਰਾ ਸਮੁੱਚਾ ਸਟਾਫ਼ ਮਾਣਯੋਗ ਪ੍ਰਧਾਨ ਸਾਹਿਬ, ਸਾਬਕਾ ਕੈਬਨਿਟ ਮੰਤਰੀ ਸਾਹਿਬ, ਸਕੱਤਰ ਸਾਹਿਬਾਨ, ਡਾਇਰੈਕਟਰ ਸਾਹਿਬ, ਮੈਂਬਰ ਸਾਹਿਬਾਨ ਅਤੇ ਇਲਾਕਾ ਨਿਵਾਸੀਆਂ ਦੇ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਦੇ ਪੂਰਨ ਸਹਿਯੋਗ ਸਦਕਾ ਸ਼ਹੀਦ ਬਾਬਾ ਜੀਵਨ ਸਿੰਘ ਖਾਲਸਾ ਕਾਲਜ ਸਤਲਾਣੀ ਸਾਹਿਬ ਸਫ਼ਲਤਾ ਦੀਆਂ ਪੌੜੀਆਂ ਚੜ੍ਹ ਰਿਹਾ ਹੈ।

ਡਾ. ਰੁਪਿੰਦਰ ਸਿੰਘ
ਪ੍ਰਿੰਸੀਪਲ




# About College

Shaheed Baba Jiwan Singh Khasla College, Satlani Sahib, Amritsar was established by Jathedar S. Avtar Singh Ji, Honourable President Shiromani Gurudwara Parbandhak Committee (SGPC), Sri Amritsar, in the year of 2011 to uplift the weaker section of the border and rural area of Amritsar district and also the literacy bar of the ruralites. The special efforts made by Directorate of Education, SGPC, Patiala to establish this institute is worth mentioning.

Its foundation stone was laid down by honourable Chief Minister S. Parkash Singh Ji Badal and Cabinet Minister S. Gulzar Singh Ji Ranike in December 2008. The College provides high quality education and complete technical knowledge to the young generation and encourages girl students of the surroundings border and rural areas to join degree level and professional courses. The college also provides other facilities such as sports, cultural activities, educational competitions and organizes conferences, debates and seminar so as to develop personality of the students. The College has established special cell to train students for all competitive exams conducted by UPSC/PPSC, other boards and commissions.

Satlani Sahib is a historical as well as holy place and Gurudwara Gurusar Satlani Sahib is situated at a distance of 1.5 km. south of Satlani Railway Station in village Hoshiar Nagar. The Sikh Guru, Sri Guru Hargobind Sahib Ji took rest at this place near a pond while travelling from Lahore (in Pakistan) to Amritsar City. That pond has been converted into a sarovar and is believed to cure skin.

# College Faculty

## Dr. Rupinder Singh
Principal

## Teaching

### DEPT. OF COMMERCE

| | |
|---|---|
| **Dr. Rupinder Singh** (Associate Professor of Commerce) | M.Com, PGDLL & PM FCMA, Ph.D. |
| **Mrs. Preetinderjeet Kaur** (Associate Professor of Commerce) | M.Com |

### DEPT. OF ENGLISH

| | |
|---|---|
| **Dr. Gurpreet Kaur** (Assistant Prof. in English) | M.A. (English), M.Phill. UGC (NET-JRF), Ph. D |

### DEPT. OF MATHEMATICS

| | |
|---|---|
| **Dr. Tarlok Singh** (Assistant Prof. in Mathematics) | M.Sc.(Math), UGC (NET-JRF), Ph. D Post Graduate Diploma in Statistics |

### DEPT. OF COMPUTER SCIENCE

| | |
|---|---|
| **S. Gagandeep Singh** (Assistant Prof. in Computer Science) | MCA (With Distinction), UGC (NET) |
| **Mrs. Sandeep Kaur** (Assistant Prof. in Computer Science) | BCA, MCA (With Distinction) |

### DEPT. OF PUNJABI

| | |
|---|---|
| **Dr. Rajbir Kaur** (Assistant Prof. in Punjabi) | M.A. (Pbi.), Diploma in Office Management, Ph.D in Punjabi |

### DEPT. OF POLITICAL SCIENCE

| | |
|---|---|
| **S. Gursimran Singh*** (Assistant Prof. in Political Science) | M.A. (Pol. Sci.), B. Ed |

### DEPT. OF HISTORY

| | |
|---|---|
| **Mrs. Harpreet Kaur** (Assistant Prof. in History) | M.A. (History.), B. Ed., PGDCA, M.A. (Pol. Science) |

### DEPT. OF PHYSICAL EDUCATION

| | |
|---|---|
| **S. Gursahib Singh*** (Assistant Prof. in Physical Education) | M.P. Ed. |

### DEPT. OF SCIENCE

| | |
|---|---|
| **Mrs. Baljinder Kaur** (Assistant Prof. in Science) | B.Sc. (Medical), M.Sc. (Biology) |

### DEPT. OF RELIGIOUS STUDIES

| | |
|---|---|
| **S. Sukhdeep Singh** | M.A. (Religion) |

* Upto Session end

# NON-TEACHING

| | | |
|---|---|---|
| S. Harjinder Singh | : | Superintendent |
| S. Harminder Singh | : | Library Restorer /Audit Incharge |
| S. Paramveer Singh | : | Assistant (Clerk Accountant) |
| S. Jasbir Singh | : | Lab Attendant cum Technician (Comp.) |
| S. Arvinder Singh | : | Electrician |
| Smt. Tatinder Kaur | : | Helper |
| S. Lakhbir Singh | : | Helper |
| S. Maninderjit Singh | : | Helper |

# ਪ੍ਰਬੰਧਕੀ ਸਟਾਫ

| | | |
|---|---|---|
| ਡਾ. ਰੁਪਿੰਦਰ ਸਿੰਘ | ਪ੍ਰਿੰਸੀਪਲ | 99880-96108 |
| ਡਾ. ਰਾਜਬੀਰ ਕੌਰ | ਸਕੂਲ ਇੰਚਾਰਜ/Incharge Placement Cell | 97811-38777 |
| ਸ. ਹਰਜਿੰਦਰ ਸਿੰਘ | ਸੁਪ੍ਰਿੰਟੈਂਡੈਂਟ | 99144-11777 |
| ਪ੍ਰੋ. ਗਗਨਦੀਪ ਸਿੰਘ | ਸਕਾਲਰਸ਼ਿਪ ਇੰਚਾਰਜ, ਦਾਖਲਾ ਨੋਡਲ ਅਫ਼ਸਰ | 96462-19513 |
| ਡਾ. ਗੁਰਪ੍ਰੀਤ ਕੌਰ | ਯੂਥ/NAAC ਕੋ-ਆਰਡੀਨੇਟਰ/IQAC | 97790-90202 |
| ਸ. ਹਰਮਿੰਦਰ ਸਿੰਘ | ਲਾਇਬ੍ਰੇਰੀ ਰੀਸਟੋਰਰ | 98148-98082 |
| ਸ. ਜਸਬੀਰ ਸਿੰਘ | ਲੈਬ ਅਟੈਂਡੈਂਟ | 96463-89343 |
| ਸ. ਗੁਰਸਿਮਰਨ ਸਿੰਘ | NSS Co-ordinator, Incharge NCC | 84373-49645 |



# ELIGIBILITY CRITERIA

| S.No. | Courses | Eligibility |
|---|---|---|
| 1. | 10+1 | Matric With Minimum 40% Marks From P.S.E.B Or Any Other Recognized Board. |
| 2. | 10+2 | 10+1 With Minimum 40 % Marks From P.S.E.B Or Any Other Recognized Board. |
| 3. | B.A. | 10+2 in any stream from P.S.E.B or any other recognized board or any other examination equivalent with at least 40% marks |
| 4. | B.Sc.(Eco.) | 10+2 in any stream from P.S.E.B or any other recognized board or any other examination equivalent with at least 40% marks |
| 5. | B.Sc.(IT) | 10+2 in any stream from P.S.E.B or any other recognized board or any other examination equivalent with at least 40% marks |
| 6. | B.Sc.(Com. Sci.) | 10+2 Science Group (Non-Medical) from P.S.E.B or any other recognized board or any other examination equivalent with at least 40% marks |
| 7. | B.Com | 10+2 in any stream from P.S.E.B or any other recognized board or any other examination equivalent with at least 40% marks |
| 8. | BCA | 10+2 in any stream from P.S.E.B or any other recognized board or any other examination equivalent with at least 40% marks |
| 9. | D.C.A. | 10+2 in any stream from P.S.E.B or any other recognized board or any other examination equivalent with at least 40% marks |
| 10. | P.G.D.C.A | Graduation in any stream from G.N.D.U. or any other recognized university or any other examination equivalent to G.N.D.U. with at least 45% marks |

## ਅਤਿ ਜ਼ਰੂਰੀ

ਆਪਣੇ ਧਰਮ, ਸੰਸਕ੍ਰਿਤੀ, ਸਭਿਆਚਾਰ ਅਤੇ ਵਿਰਸੇ ਦੀ ਸਾਂਭ-ਸੰਭਾਲ ਅਤੇ ਇਸ ਦੀ ਪ੍ਰਫੁੱਲਤਾ ਲਈ ਯਤਨਸ਼ੀਲ ਰਹਿਣਾ ਸਾਡਾ ਫ਼ਰਜ਼ ਹੈ ਇਸ ਲਈ ਸਿੱਖ ਧਰਮ ਨਾਲ ਸੰਬੰਧਿਤ ਪਰਿਵਾਰਾਂ ਦੇ ਵਿਦਿਆਰਥੀਆਂ ਤੇ ਵਿਦਿਆਰਥਣਾਂ ਲਈ ਸਾਬਤ ਸੂਰਤ ਰਹਿਣਾ, ਕੇਸਾਂ ਦੀ ਸੰਭਾਲ, ਦੁਪੱਟੇ/ਦਸਤਾਰ ਸਜਾਉਣੀ ਜ਼ਰੂਰੀ ਹੋਵੇਗੀ।

ਹੋਰ ਕਿਸੇ ਵੀ ਧਰਮ ਦੇ ਅਨੁਯਾਈਆਂ 'ਤੇ ਇਹ ਨਿਯਮ ਲਾਗੂ ਨਹੀਂ ਹੁੰਦਾ ਪਰ ਕਿਉਂਕਿ ਸਿੱਖ ਧਰਮ ਵਿੱਚ ਸੰਸਾਰ ਦੇ ਹਰ ਧਰਮ ਦਾ ਸਤਿਕਾਰ ਕੀਤਾ ਜਾਂਦਾ ਹੈ ਇਸ ਲਈ ਬਾਕੀ ਸਭ ਨੂੰ ਵੀ ਆਪਣੇ ਧਰਮ ਵਿੱਚ ਪ੍ਰਪੱਕ ਰਹਿ ਕੇ ਸਿੱਖ ਧਰਮ ਦਾ ਸਤਿਕਾਰ ਕਰਦਿਆਂ ਅਨੁਸ਼ਾਸਨ ਕਾਇਮ ਰੱਖਣ ਲਈ ਸਹਿਯੋਗ ਦੇਣਾ ਚਾਹੀਦਾ ਹੈ।

# COURSE STRUCTURE

## BCA (Bachelor of Computer Application)

**Semester-I**

| | |
|---|---|
| Paper-I | Introduction of Programming -C |
| Paper-II | Introduction to Computers & Information Technology |
| Paper-III | Applied & Discrete Mathematics |
| Paper-IV | Communication Skills in English-I |
| Paper-V | Punjabi (Compulsory) |
| Paper-VI | Practical-I (MS-Office 2010 and Basic C Programming) |

**Semester- II**

| | |
|---|---|
| Paper-I | Introduction to Programming C++ |
| Paper-II | Principles of Digital Electronics |
| Paper-III | Numerical Methods & Statistical Techniques |
| Paper-IV | Communication Skills in English-II (Theory + Practical) |
| Paper-V | Punjabi (Compulsory) |
| Paper-VI | Practical-I (Advance C++ Programming) |
| Paper-VII | Drug Abuse : Problem, Management and Prevention (Compulsory) |

**Semester- III**

| | |
|---|---|
| Paper-I | Computer Architecture |
| Paper-II | Database Management System & Oracle |
| Paper-III | Introduction to Python programming |
| Paper-IV | Programming Lab-Python |
| Paper-V | Programming Lab-Oracle |

**Semester- IV**

| | |
|---|---|
| Paper-I | Data Structure & File Processing |
| Paper-II | Information Systems |
| Paper-III | Internet Applications |
| Paper-IV | System Software |
| Paper-V | Environmental Studies (Compulsory Paper) |
| Paper-VI | Lab-Data Structures implementation using C++ |
| Paper-VII | Lab-Web Designing and use of Internet |

**Semester – V**

| | |
|---|---|
| Paper-I | Software Engineering |
| Paper-II | Web Technologies |
| Paper-III | Operating System |
| Paper-IV | JAVA Programming Language |
| Paper-V | Lab based on JAVA Programming Language |
| Paper-VI | Lab based on website designing using HTML, JAVA SCRIPT and PHP |

**Semester – VI**

| | |
|---|---|
| Paper–I | Computer Graphics |
| Paper-II | Computer Networks |
| Paper-III | Lab. Implementation of Applications of Computer Graphics in C++/C |
| Paper-IV | Project |

# BSC (IT)

**Semester - I**

| | |
|---|---|
| Paper-I | Fundamentals of Computers |
| Paper-II | Introduction to Programming -C |
| Paper-III | Applied & Discrete Mathematics |
| Paper-IV | Communication Skills in English-I |
| Paper-V | Punjabi (Compulsory) |
| Paper-VI | Practical- PC Computing & C Language-I |

**Semester - II**

| | |
|---|---|
| Paper-I | Introduction to Programming C++ |
| Paper-II | Principles of Digital Electronics |
| Paper-III | Numerical Methods & Statistical Techniques |
| Paper-IV | Communication Skills in English -II |
| Paper-V | Punjabi (Compulsory) |
| Paper-VI | Practical C++ Language |
| Paper-VI | Drug Abuse: Problem, Management and Prevention (Compulsory) |

**Semester - III**

| | |
|---|---|
| Paper-I | Introduction to Python |
| Paper-II | Data Structure |
| Paper-III | System Analysis & Design |
| Paper-IV | Programming Lab- I (Python Programming Language) |
| Paper-V | Programming Lab-II (Data Structure) |

**Semester - IV**

| | |
|---|---|
| Paper-I | Database Management System & Oracle |
| Paper-II | JAVA & Web Designing |
| Paper-III | Internet Applications |
| Paper-IV | Web Technologies |
| Paper-V | Environmental Studies (Compulsory) |
| Paper-VI | Programming Lab-I (Oracle) |
| Paper-VII | Programming Lab-II HTML & (JAVA) |

**Semester - V**

| | |
|---|---|
| Paper-I | Computer Networks |
| Paper-II | Operating System |
| Paper-III | E-Business |
| Paper-IV | Lab – I (Computer Networks) |
| Paper-V | Lab – II (Operating System)) |

**Semester - VI**

Paper – I & II :( Will be based on any of the three specialization options)

Option I: Computer Graphics

- Paper – I : Computer Graphics
- Paper – II : Applications of Computer Graphics in C++/C

Option II: Network Management

- Paper – I : Network Operating System/Client Server Application
- Paper – II : Practical lab based on NOS

Option III

- Paper – I : Fundamentals of Cloud Computing
- Paper – II : Project

## B.Sc. Computer Science

- General English
- General Punjabi
- Computer Science
- Physics/Chemistry
- Mathematics

## B.Sc. Economics

- General English
- General Punjabi
- Computer Science
- Economics
- Q.T./Mathematics

Drug Abuse : Problem, Management and Prevention (Compulsory in 1st Semester)
Environmental Studies (Compulsory in 3rd Semester)

## Bachelor of Arts (BA)

(Compulsory Subjects)

- General English
- General Punjabi

Drug Abuse : Problem, Management and Prevention
(Compulsory in 1st Semester)
Environmental Studies
(Compulsory in 3rd Semester)

Students shall select any three subject

- Elective Punjabi
- History/Mathematics
- Political Science
- Physical Education/ Computer Science
- Economics
- Religious Studies
- Sociology

## B.Com

**Semester- I**

English
Punjabi
Financial Accounting
Business Communication
Business Statistics
Computer Fundamentals
Business Organisation

**Semester- II**

English
Punjabi
Advanced Financial Accounting
Commercial Laws
Functional Management
Business Economics
Drug Abuse: Problem, Management and Prevention

**Semester- III**

English
Punjabi
Corporate Accounting
Company Law
Business Environment
Financial Management
International business

**Semester- IV**

English
Punjabi
Goods & Services Tax
Industrial Laws
Principles and Practices of Banking & Insurance
Cost Accounting
Environmental Studies
Seminar

**Semester- V**

English
Punjabi
Management Accounting
Direct Tax Law
Auditing
Specialisation course 1
Specialisation course 2

**Semester- VI**

English
Punjabi
Operations Research
Corporate Governance
Workshop
Specialisation course 1
Specialisation course 2

## SPECIALISATIONS

**Any of the following groups each having two papers in Semester V & VI can be chosen as specialization by the students.**

**Semester V**

1) **Accounting & Finance**
   Contemporary Accounting
   Financial Market operations
2) **Banking & Insurance**
   Banking Services Management
   Insurance Services Management
3) **Computer applications & E-Business**
   Computer Based Accounting
   E-Commerce

**Semester VI**

1) **Accounting & Finance**
   Portfolio Management
   Financial Services
2) **Banking & Insurance**
   Foreign Exchange Management
   Risk Management and Insurance
3) **Computer applications & E-Business**
   Windows and Networking
   E-Marketing

# Post Graduate Diploma in Computer Application (PGDCA)

### Semester -I

Paper-I PC Computing-I (MS Office) 2003
Paper-II PC Computing-II (Professional DTP)
Paper-III Fundamentals of Computer & Operating System
Paper-IV Database Management System through Oracle-10g & System Analysis & Design
Practical in all Subjects

### Semester -II

Paper-I Network Concepts and Management
(Hardware, Software, setting in LINUX/UNIX/NT environment)
Paper-II Programming in C
Paper-III Introduction to Scripting Languages, Web Designing & Uses of Internet
Paper-IV Optional

### List of Optional Paper:

(i) Programming in Visual Basic with Active X
(ii) E-Commerce/Business
(iii) Multimedia System
(iv) Installation and Maintenance of Computer System
Practical in all subjects

# Diploma Course in Computer Applications (DCA)

### Semester-I

Paper-I Information Technology and Operating System
Paper-II PC Computing-I

### Semester-II

Paper-I Database Management System
Paper-II PC Computing-II

# FEE STRUCTURE

| Class | Total Fee | Ist Installment (at admission) | IInd Installment (Upto 10 Oct.) | IIIrd Installment (Upto 15 Jan.) |
|---|---|---|---|---|
| 10+1 Arts | 13000 | 8000 | 3000 | 2000 |
| 10+1 Science | 15000 | 8000 | 4000 | 3000 |
| 10+1 Commerce | 14000 | 8000 | 3000 | 3000 |
| 10+2 Commerce | 15000 | 8000 | 4000 | 3000 |
| 10+2 Arts | 14000 | 8000 | 4500 | 2000 |
| 10+2 Science | 17000 | 8000 | 5000 | 4000 |
| B.A. | 20000 | 10000 | 5000 | 5000 |
| B.Sc. Eco. | 22000 | 12000 | 5000 | 5000 |
| B.Sc. Comp. Sci. | 22000 | 12000 | 5000 | 5000 |
| B. Com. | 22000 | 12000 | 5000 | 5000 |
| BCA | 26000 | 14000 | 7000 | 5000 |
| B.Sc. IT | 26000 | 14000 | 7000 | 5000 |
| DCA | 16000 | 8000 | 4000 | 4000 |
| PGDCA | 22000 | 10000 | 6000 | 6000 |

**Note:-**

1. Board/University examination fees & Bus Charges will be extra as per University/SGPC/College decision from time to time.
2. University Examination fee will be charged till 16 August for first, third and fifth semester and till 15th January for second, fourth and sixth semester.
3. Board Examination fee will be charged till 10th October.
4. Students from boards other than PSEB will have to pay migration fee, eligibility fee etc. as per PSEB/GNDU Norms.

ਨੋਟ: ਫ਼ੀਸਾਂ ਵਿਚ ਕਿਸੇ ਕਿਸਮ ਦੀ ਤਬਦੀਲੀ ਦੇ ਹੱਕ ਰਾਖਵੇਂ ਹੋਣਗੇ।

# ਵਿਸ਼ੇਸ਼ ਹਦਾਇਤਾਂ

1. ਨਿਰਧਾਰਿਤ ਮਿਤੀਆਂ ਤੋਂ ਬਾਅਦ ਫ਼ੀਸ ਜਮ੍ਹਾਂ ਕਰਵਾਉਣ ਵਾਲੇ ਵਿਦਿਆਰਥੀ ਪ੍ਰਿੰਸੀਪਲ ਵਲੋਂ ਨਿਰਧਾਰਿਤ ਜ਼ੁਰਮਾਨਾ ਦੇਣਗੇ।
2. ਉਪਰੋਕਤ ਫੀਸਾਂ ਵਿਚ ਯੂਨੀਵਰਸਿਟੀ ਇਮਤਿਹਾਨ ਫ਼ੀਸ ਸ਼ਾਮਿਲ ਨਹੀਂ ਹੈ।
3. ਯੂਨੀਵਰਸਿਟੀ ਜਾਂ ਕਾਲਜ ਮੈਨੇਜਮੈਂਟ ਵਲੋਂ ਜੇਕਰ ਫ਼ੀਸਾਂ ਵਿਚ ਕਿਸੇ ਤਰ੍ਹਾਂ ਦੀ ਕਿਸੇ ਸਮੇਂ ਵੀ ਤਬਦੀਲੀ ਕੀਤੀ ਜਾਂਦੀ ਹੈ ਤਾਂ ਉਹ ਵਿਦਿਆਰਥੀ ਉਪਰ ਲਾਗੂ ਹੋਵੇਗੀ।
4. ਜਿਹੜਾ ਵਿਦਿਆਰਥੀ ਕਿਸੇ ਹੋਰ ਬੋਰਡ ਜਾਂ ਯੂਨੀਵਰਸਿਟੀ ਤੋਂ ਆਉਂਦਾ ਹੈ, ਉਹ ਉਪਰੋਕਤ ਫ਼ੀਸ ਤੋਂ ਇਲਾਵਾ ਯੂਨੀਵਰਸਿਟੀ ਵਲੋਂ ਨਿਰਧਾਰਿਤ ਮਾਈਗ੍ਰੇਸ਼ਨ, ਵੇਰੀਫਿਕੇਸ਼ਨ ਫ਼ੀਸ ਆਦਿ ਜਮ੍ਹਾਂ ਕਰਵਾਏਗਾ।
5. ਕਿਸੇ ਵੀ ਹਾਲਤ ਵਿਚ ਇਕ ਵਾਰ ਜਮ੍ਹਾਂ ਹੋਈ ਫ਼ੀਸ ਵਾਪਿਸ ਨਹੀਂ ਹੋਵੇਗੀ।
6. ਵੱਖ-ਵੱਖ ਕਲਾਸਾਂ ਦੀਆਂ ਫ਼ੀਸਾਂ ਦੇ ਬਕਾਏ ਦੀ ਅਦਾਇਗੀ ਸਬੰਧੀ ਮਿਤੀਆਂ ਸਮੇਂ-ਸਮੇਂ ਸਿਰ ਪ੍ਰਿੰਸੀਪਲ ਵਲੋਂ ਨਿਸ਼ਚਿਤ ਕੀਤੀਆਂ ਜਾਣਗੀਆਂ।
7. ਜੇਕਰ ਕੋਈ ਵਿਦਿਆਰਥੀ 10 ਦਿਨ ਤਕ ਕਾਲਜ ਨੂੰ ਸੂਚਿਤ ਕੀਤੇ ਬਿਨਾਂ ਕਾਲਜ ਤੋਂ ਗ਼ੈਰ-ਹਾਜ਼ਰ ਰਹਿੰਦਾ ਹੈ ਜਾਂ ਆਪਣੀ ਬਕਾਇਆ ਫ਼ੀਸ ਆਦਿ ਨਿਸ਼ਚਿਤ ਸਮੇਂ 'ਤੇ ਜਮ੍ਹਾਂ ਨਹੀਂ ਕਰਵਾਉਂਦਾ ਤਾਂ ਉਸ ਦਾ ਨਾਮ ਕਾਲਜ ਵਿਚੋਂ ਕੱਟ ਦਿੱਤਾ ਜਾਵੇਗਾ।

## ਕਾਲਜ ਦੀਆਂ ਪ੍ਰੀਖਿਆਵਾਂ

1. ਸਾਰੇ ਵਿਦਿਆਰਥੀਆਂ ਲਈ ਅਕਤੂਬਰ ਅਤੇ ਮਾਰਚ ਮਹੀਨੇ ਦੀਆਂ ਕਾਲਜ ਪ੍ਰੀਖਿਆਵਾਂ ਤੋਂ ਇਲਾਵਾ ਸਮੇਂ-ਸਮੇਂ ਹੋਣ ਵਾਲੇ ਟੈਸਟ ਵੀ ਵਿਦਿਆਰਥੀਆਂ ਲਈ ਲਾਜ਼ਮੀ ਹੋਣਗੇ।।
2. ਜਿਹੜੇ ਵਿਦਿਆਰਥੀ ਬੀਮਾਰੀ ਜਾਂ ਕਿਸੇ ਪ੍ਰੇਸ਼ਾਨੀ ਕਾਰਨ ਘਰੇਲੂ ਪ੍ਰੀਖਿਆਵਾਂ ਨਾ ਦੇ ਸਕਣ ਤਾਂ ਉਨ੍ਹਾਂ ਨੂੰ ਪ੍ਰਿੰਸੀਪਲ ਦੀ ਆਗਿਆ ਨਾਲ ਹੀ ਇਖਤਿਆਰੀ ਪ੍ਰੀਖਿਆ ਵਿਚ ਸ਼ਾਮਿਲ ਹੋਣ ਦਿੱਤਾ ਜਾਵੇਗਾ।
3. ਘਰੇਲੂ ਪ੍ਰੀਖਿਆ ਤੋਂ 15 ਦਿਨ ਬਾਅਦ ਇਕ (Parents-Teacher) ਮੀਟਿੰਗ ਹੋਵੇਗੀ ਜਿਸ ਵਿਚ ਮਾਪਿਆਂ ਨੂੰ ਉਨ੍ਹਾਂ ਦੇ ਬੱਚਿਆਂ ਬਾਰੇ ਰੀਪੋਰਟ ਦਿੱਤੀ ਜਾਵੇਗੀ।
4. ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਦੇਣ ਲਈ ਹਰੇਕ ਵਿਦਿਆਰਥੀ ਵਲੋਂ ਹਰੇਕ ਵਿਸ਼ੇ ਵਿਚ ਘੱਟੋ-ਘੱਟ 75% ਹਾਜ਼ਰੀ ਅਤੇ ਘਰੇਲੂ ਪ੍ਰੀਖਿਆਵਾਂ ਵਿਚੋਂ ਕੰਡੀਸ਼ਨ ਕਲੀਅਰ ਕਰਨੀ ਲਾਜ਼ਮੀ ਹੋਵੇਗੀ।

## ਕਾਲਜ ਵਿਚ ਦਾਖਲਾ ਲੈਣ ਦੇ ਨਿਯਮ

1. ਨਿਸ਼ਚਿਤ ਦਾਖਲਾ ਫਾਰਮ ਵਿਚ ਸਾਰੇ ਵੇਰਵੇ ਆਪਣੇ ਹੱਥੀਂ ਭਰੇ ਜਾਣ। ਅਧੂਰੇ ਫਾਰਮ ਰੱਦ ਕਰ ਦਿੱਤੇ ਜਾਣਗੇ।
2. ਦਾਖਲਾ ਫਾਰਮ ਉੱਤੇ ਨਿਸ਼ਚਿਤ ਜਗ੍ਹਾ 'ਤੇ ਪਾਸਪੋਰਟ ਸਾਈਜ਼ ਦੀ ਫੋਟੋ ਲਗਾਈ ਜਾਵੇ ਅਤੇ 5 ਫੋਟੋਆਂ ਨਾਲ ਨੱਥੀ ਕੀਤੀਆਂ ਜਾਣ।
3. ਹੇਠ ਲਿਖੇ ਦਸਤਾਵੇਜ਼/ਸਰਟੀਫਿਕੇਟ ਨੱਥੀ ਕੀਤੇ ਜਾਣ:-
   ੳ) ਹੇਠਲੀ ਪਾਸ ਕੀਤੀ ਗਈ ਪ੍ਰੀਖਿਆ ਵਿਚੋਂ ਪ੍ਰਾਪਤ ਕੀਤੇ ਅੰਕਾਂ ਦੇ ਸੂਚੀ-ਪੱਤਰ ਦੀ ਕਾਪੀ।
   ਅ) ਜਨਮ ਤਾਰੀਖ ਦੇ ਪ੍ਰਮਾਣ ਲਈ ਮੈਟ੍ਰਿਕ ਦੇ ਸਰਟੀਫਿਕੇਟ ਦੀ ਕਾਪੀ।
   ੲ) ਪਿਛਲੀ ਵਿਦਿਅਕ ਸੰਸਥਾ ਦੇ ਮੁਖੀ ਵੱਲੋਂ ਪ੍ਰਾਪਤ ਆਚਰਣ ਸਰਟੀਫਿਕੇਟ।
   ਸ) ਆਧਾਰ ਕਾਰਡ।
4. ਪੰਜਾਬ ਤੋਂ ਬਾਹਰੀ ਕਿਸੇ ਵੀ ਯੂਨੀਵਰਸਿਟੀ ਜਾਂ ਸਿੱਖਿਆ ਬੋਰਡ ਤੋਂ ਪਾਸ ਕਰਕੇ ਆਏ ਵਿਦਿਆਰਥੀ ਦਾਖਲਾ ਲੈਣ ਲਈ ਹੇਠ ਲਿਖੇ ਵਾਧੂ ਦਸਤਾਵੇਜ਼ ਨੱਥੀ ਕਰਨ:-
   ੳ) ਅੰਤਰ- ਯੂਨੀਵਰਸਿਟੀ /ਬੋਰਡ ਮਾਈਗ੍ਰੇਸ਼ਨ ਸਰਟੀਫਿਕੇਟ ਦੀ ਅਸਲੀ ਕਾਪੀ।
   ਅ) ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਯੋਗਤਾ ਪੱਤਰ।
   ੲ) ਟ੍ਰਾਂਸਫਰ ਸਰਟੀਫਿਕੇਟ।
5. ਜੋ ਵਿਦਿਆਰਥੀ ਪਹਿਲਾਂ ਹੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸੂਚੀ ਵਿਚ ਦਰਜ ਹਨ ਉਹ ਆਪਣਾ ਰਜਿਸਟ੍ਰੇਸ਼ਨ ਨੰ: ਦਾਖਲਾ ਫਾਰਮ ਵਿਚ ਨਿਸ਼ਚਿਤ ਥਾਂ 'ਤੇ ਲਿਖਣ।
6. ਕਿਸੇ ਵੀ ਕਾਲਜ/ਯੂਨੀਵਰਸਿਟੀ ਦੇ ਫੇਲ੍ਹ ਜਾਂ ਰੋਕੇ ਗਏ ਵਿਦਿਆਰਥੀ ਨੂੰ ਕਿਸੇ ਵੀ ਹਾਲਤ ਵਿਚ ਦਾਖਲਾ ਨਹੀਂ ਦਿੱਤਾ ਜਾਵੇਗਾ।
7. 10+2 ਜਾਂ ਗ੍ਰੈਜੂਏਸ਼ਨ ਕਲਾਸ ਵਿਚ ਕੰਪਾਰਟਮੈਂਟ ਲੈਣ ਵਾਲੇ ਵਿਦਿਆਰਥੀ ਨੂੰ ਅਗਲੀ ਸ਼੍ਰੇਣੀ ਵਿਚ ਦਾਖਲਾ ਯੂਨੀਵਰਸਿਟੀ ਸ਼ਰਤਾਂ ਤਹਿਤ ਹੀ ਦਿੱਤਾ ਜਾਵੇਗਾ।
8. ਜੇਕਰ ਕੋਈ ਵੀ ਵਿਦਿਆਰਥੀ ਦਾਖਲਾ ਫਾਰਮ ਵਿਚ ਕੋਈ ਝੂਠੀ ਘੋਸ਼ਣਾ ਕਰਦਾ ਹੈ ਤਾਂ ਇਸ ਦਾ ਪਤਾ ਲੱਗਣ 'ਤੇ ਉਸੇ ਵੇਲੇ ਉਸ ਦਾ ਦਾਖਲਾ ਰੱਦ ਕਰ ਦਿੱਤਾ ਜਾਵੇਗਾ।
9. ਕਿਸੇ ਵੀ ਵਿਦਿਆਰਥੀ ਨੂੰ ਦਾਖਲਾ ਦੇਣ ਜਾਂ ਨਾ ਦੇਣ ਦਾ ਅਧਿਕਾਰ ਪ੍ਰਿੰਸੀਪਲ ਪਾਸ ਰਾਖਵਾਂ ਹੈ।
10. ਗੰਭੀਰ ਦੁਰ ਵਿਵਹਾਰ ਜਾਂ ਕਾਲਜ ਦੇ ਵਿਦਿਅਕ ਮਾਹੌਲ ਨੂੰ ਖ਼ਰਾਬ ਕਰਨ ਜਾਂ ਕਾਲਜ ਦੀ ਘਰੇਲੂ ਪ੍ਰੀਖਿਆ ਵਿਚ ਗ਼ੈਰ-ਹਾਜ਼ਰ ਰਹਿਣ ਜਾਂ ਪ੍ਰੀਖਿਆ ਵਿਚ ਅਣ-ਉਚਿਤ ਤਰੀਕਿਆਂ ਦੀ ਵਰਤੋਂ ਕਰਨ ਵਾਲੇ ਵਿਦਿਆਰਥੀਆਂ ਦਾ ਨਾਮ ਕਾਲਜ ਵਿਚੋਂ ਕੱਟ ਦਿੱਤਾ ਜਾਵੇਗਾ ਅਤੇ ਕਾਲਜ ਦੀ ਚਾਰਦੀਵਾਰੀ ਵਿਚ ਦਾਖਲ ਹੋਣ 'ਤੇ ਰੋਕ ਲਾਉਣ ਅਤੇ ਆਉਣ ਵਾਲੇ ਸਮੇਂ ਵਿਚ ਦਾਖ਼ਲਾ ਨਾ ਦੇਣ ਦਾ ਪੂਰਾ ਅਧਿਕਾਰ ਪ੍ਰਿੰਸੀਪਲ ਪਾਸ ਹੋਵੇਗਾ।
11. ਕਾਲਜ ਦੇ ਅਨੁਸ਼ਾਸਨ ਤੇ ਵਿਦਿਅਕ ਮਾਹੌਲ ਨੂੰ ਮੁੱਖ ਰੱਖਦਿਆਂ ਸਮੂਹ ਲੜਕੇ ਲੜਕੀਆਂ ਨੂੰ ਸਾਦਾ ਅਤੇ ਢੁੱਕਵੀ ਪੁਸ਼ਾਕ ਪਹਿਨ ਕੇ ਹੀ ਕਾਲਜ ਵਿਚ ਆਉਣਾ ਹੋਵੇਗਾ।
12. ਕਿਸੇ ਵੀ ਨਿਯਮ ਵਿਚ ਘਾਟਾ ਜਾਂ ਵਾਧਾ ਕਰਨ ਤੇ ਪ੍ਰਿੰਸੀਪਲ ਦਾ ਫ਼ੈਸਲਾ ਅੰਤਿਮ ਹੋਵੇਗਾ।
13. ਕਿਉਂਕਿ ਇਹ ਕਾਲਜ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਚਲਾਇਆ ਜਾ ਰਿਹਾ ਹੈ। ਇਸ ਲਈ ਧਾਰਮਿਕ ਅਕੀਦਿਆਂ ਦਾ ਸਨਮਾਨ ਕਰਨਾ ਵੀ ਵਿਦਿਆਰਥੀ ਦਾ ਫ਼ਰਜ਼ ਹੋਵੇਗਾ।
14. ਕਿਸੇ ਵਿਦਿਆਰਥੀ ਉੱਤੇ ਨਸ਼ਾ ਕਰਨ ਦਾ ਸ਼ੱਕ ਹੋਣ 'ਤੇ, ਨਸ਼ਾ ਕਰਦਾ ਫੜ੍ਹਿਆ ਜਾਣ 'ਤੇ ਜਾਂ ਨਸ਼ਾ ਕਰਨ ਲਈ ਦੂਸਰੇ ਨੂੰ ਪ੍ਰੇਰਿਤ ਕਰਨ 'ਤੇ ਉਸ ਦਾ ਨਾਮ ਕਾਲਜ ਵਿਚੋਂ ਕੱਟ ਦਿੱਤਾ ਜਾਵੇਗਾ।
15. ਕਿਸੇ ਵੀ ਵਿਦਿਆਰਥੀ ਨੂੰ ਕਾਲਜ ਕੈਂਪਸ ਵਿਚ ਮੋਬਾਇਲ ਫੋਨ ਦੀ ਵਰਤੋਂ ਦੀ ਆਗਿਆ ਨਹੀਂ ਹੋਵੇਗੀ।
16. 10+1 ਅਤੇ 10+2 ਕਲਾਸਾਂ ਦੇ ਵਿਦਿਆਰਥੀਆਂ ਲਈ ਬੁੱਧਵਾਰ ਅਤੇ ਸ਼ਨੀਵਾਰ ਨੂੰ ਛੱਡ ਕੇ ਬਾਕੀ ਸਾਰੇ ਦਿਨ ਵਰਦੀ (Uniform) ਪਾਉਣੀ ਲਾਜ਼ਮੀ ਹੈ।

ਨੋਟ: ਹਰੇਕ ਕੋਰਸ ਵਾਸਤੇ ਪ੍ਰਾਸਪੈਕਟ ਵਿਚ ਯੋਗਤਾ ਸਬੰਧੀ ਦਿੱਤੀ ਜਾਣਕਾਰੀ ਬਾਰੀਕੀ ਨਾਲ ਪੜ੍ਹ ਲਈ ਜਾਵੇ ਅਤੇ ਨੰਬਰਾਂ ਦੀ ਪ੍ਰਤੀਸ਼ਤਤਾ ਬਿਲਕੁਲ ਠੀਕ ਦਰਸਾਈ ਜਾਵੇ। ਪ੍ਰਤੀਸ਼ਤਤਾ ਸਬੰਧੀ ਜਾਂ ਹੋਰ ਕਿਸੇ ਤਰ੍ਹਾਂ ਦੀ ਗਲਤ ਜਾਣਕਾਰੀ ਦੇਣ ਵਾਲੇ ਵਿਦਿਆਰਥੀ ਦਾ ਦਾਖ਼ਲਾ ਰੱਦ ਕਰ ਦਿੱਤਾ ਜਾਵੇਗਾ।

## ਛੁੱਟੀ ਲੈਣ ਦੇ ਨਿਯਮ

1. ਘਰੇਲੂ ਪ੍ਰੀਖਿਆਵਾਂ ਵਿਚ ਗ਼ੈਰ-ਹਾਜ਼ਰ ਰਹਿਣ 'ਤੇ ਛੁੱਟੀ ਕੇਵਲ ਪ੍ਰਿੰਸੀਪਲ/ਰਜਿਸਟਰਾਰ ਪਾਸੋਂ ਹੀ ਪਾਸ ਕਰਵਾਈ ਜਾਵੇ।
2. ਬੀਮਾਰੀ ਦੀ ਛੁੱਟੀ ਜਾਂ ਕਿਸੇ ਕਾਰਨ ਕਰਕੇ ਲਈ ਗਈ ਛੁੱਟੀ ਪਾਸ ਕਰਵਾਉਣ ਲਈ ਮੈਡੀਕਲ ਸਰਟੀਫਿਕੇਟ ਜਾਂ ਲੋੜੀਂਦੇ ਕਾਗਜ਼-ਪੱਤਰ ਜ਼ਰੂਰੀ ਹਨ।
3. ਛੁੱਟੀ ਪਾਸ ਕਰਵਾਉਣ ਲਈ ਦਰਖਾਸਤ ਉਪਰ ਮਾਤਾ-ਪਿਤਾ ਦੇ ਦਸਤਖਤ ਹੋਣੇ ਜ਼ਰੂਰੀ ਹਨ।
4. ਇਕ ਲੈਕਚਰ ਜਾਂ ਵੱਧ ਲੈਕਚਰਾਂ ਲਈ ਪਾਸ ਕਰਵਾਈ ਗਈ ਛੁੱਟੀ ਲੈਕਚਰਾਰ ਵਲੋਂ ਲਗਾਏ ਗਏ ਲੈਕਚਰ ਵਿਚ ਗਿਣੀ ਜਾਵੇਗੀ। ਯੂਨੀਵਰਸਿਟੀ ਨਿਯਮਾਂ ਅਨੁਸਾਰ ਬੀਮਾਰੀ ਜਾਂ ਕਿਸੇ ਹੋਰ ਕਿਸਮ ਦੀ ਛੁੱਟੀ ਕਰਨ 'ਤੇ ਲੈਕਚਰਾਂ ਵਿਚ ਛੋਟ ਨਹੀਂ ਦਿੱਤੀ ਜਾਵੇਗੀ।

## ਲਾਇਬ੍ਰੇਰੀ

ਲਾਇਬ੍ਰੇਰੀ ਕਾਲਜ ਦਾ ਸਭ ਤੋਂ ਮਹੱਤਵਪੂਰਨ ਅੰਗ ਹੈ। ਇਸ ਵਿਚ ਸਿਲੇਬਸ ਅਨੁਸਾਰ ਨਵੇਂ ਐਡੀਸ਼ਨ ਦੀਆਂ ਪੁਸਤਕਾਂ ਰੱਖੀਆਂ ਗਈਆਂ ਹਨ। ਲਾਇਬ੍ਰੇਰੀ ਕੰਮ-ਕਾਜ ਦੇ ਸਾਰੇ ਦਿਨਾਂ ਵਿਚ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਖੁੱਲ੍ਹੀ ਰਹਿੰਦੀ ਹੈ। ਵਿਦਿਆਰਥੀਆਂ ਨੂੰ ਪੁਸਤਕਾਂ 15 ਦਿਨਾਂ ਲਈ ਦਿੱਤੀਆਂ ਜਾਂਦੀਆਂ ਹਨ। ਜੇ ਕੋਈ ਵਿਦਿਆਰਥੀ ਸਮੇਂ ਸਿਰ ਪੁਸਤਕ ਵਾਪਸ ਨਾ ਕਰੇ ਤਾਂ ਉਸ ਨੂੰ ਪ੍ਰਤੀ ਦਿਨ ਪ੍ਰਤੀ ਕਿਤਾਬ 10 ਰੁਪਏ ਜੁਰਮਾਨਾ ਦੇਣਾ ਪਵੇਗਾ। ਲਾਇਬ੍ਰੇਰੀ ਦੇ ਨਿਯਮਾਂ ਦੀ ਵਿਸਥਾਰ ਪੂਰਵਕ ਜਾਣਕਾਰੀ ਲਈ ਵਿਦਿਆਰਥੀ ਲਾਇਬ੍ਰੇਰੀਅਨ ਨੂੰ ਮਿਲ ਸਕਦੇ ਹਨ।

## ਕੰਟੀਨ

ਵਿਦਿਆਰਥੀ ਨੂੰ ਖਾਣ-ਪੀਣ ਲਈ ਕਾਲਜ ਤੋਂ ਬਾਹਰ ਨਾ ਜਾਣਾ ਪਏ ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਕਾਲਜ ਅੰਦਰ ਕੰਟੀਨ ਖੋਲ੍ਹੀ ਗਈ ਹੈ। ਜਿਸ ਵਿਚ ਹਰ ਤਰ੍ਹਾਂ ਦੇ ਖਾਣੇ ਦਾ ਪ੍ਰਬੰਧ ਠੀਕ ਰੇਟਾਂ 'ਤੇ ਕੀਤਾ ਜਾਂਦਾ ਹੈ।

## ਜਨਰੇਟਰ

ਬਿਜਲੀ ਦੀ ਨਿਰੰਤਰ ਸਪਲਾਈ ਲਈ ਕਾਲਜ ਵਿਚ ਜਨਰੇਟਰ ਦਾ ਵੀ ਪ੍ਰਬੰਧ ਕੀਤਾ ਗਿਆ ਹੈ ਤਾਂ ਜੋ ਬਿਜਲੀ ਬੰਦ ਹੋਣ ਤੇ ਵਿਦਿਆਰਥੀਆਂ ਨੂੰ ਕਲਾਸਾਂ ਲਗਾਉਣ ਅਤੇ ਕੰਪਿਊਟਰ, ਫ਼ਿਜ਼ਿਕਸ, ਕਮਿਸਟਰੀ ਅਤੇ ਇਲੈਕਟ੍ਰਾਨਿਕਸ ਵਿਸ਼ੇ ਦੇ ਪ੍ਰੈਕਟੀਕਲ ਕਰਨ ਵਿਚ ਪ੍ਰੇਸ਼ਾਨੀ ਨਾ ਹੋਵੇ।

## ਕੰਪਿਊਟਰ ਲੈਬ

ਕਾਲਜ ਦੀਆਂ ਕੰਪਿਊਟਰ ਲੈਬਜ਼ ਅਤਿ ਆਧੁਨਿਕ ਹਨ। ਇਨ੍ਹਾਂ ਵਿਚ 50 ਕੰਪਿਊਟਰ ਲਗਾਏ ਗਏ ਹਨ। ਇੰਟਰਨੈੱਟ ਦੀ ਸੁਵਿਧਾ ਵੀ ਮੁਹੱਈਆ ਕਰਵਾਈ ਗਈ ਹੈ। ਹਰ ਵਿਦਿਆਰਥੀ ਨੂੰ ਕੰਪਿਊਟਰ ਲੈਬ ਵਿਚ ਪ੍ਰੈਕਟੀਕਲ ਕਰਨ ਦਾ ਵੱਧ ਤੋਂ ਵੱਧ ਸਮਾਂ ਦਿੱਤਾ ਜਾਂਦਾ ਹੈ। ਲੋੜ ਪੈਣ 'ਤੇ ਵਿਦਿਆਰਥੀਆਂ ਨੂੰ ਛੁੱਟੀ ਵਾਲੇ ਦਿਨ ਵੀ ਕੰਪਿਊਟਰ ਪ੍ਰੈਕਟੀਕਲ ਕਰਵਾਏ ਜਾਂਦੇ ਹਨ।

## ਐਨ.ਐਸ.ਐਸ.

ਕਾਲਜ ਵਿਚ 100 ਵਿਦਿਆਰਥੀਆਂ ਦਾ ਇਕ ਐਨ.ਐਸ.ਐਸ. ਯੂਨਿਟ ਸਥਾਪਿਤ ਕੀਤਾ ਗਿਆ ਹੈ। ਵਿਦਿਆਰਥੀਆਂ ਨੂੰ ਐਨ.ਐਸ.ਐਸ. ਵਿਚ ਸ਼ਾਮਿਲ ਹੋਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਸਮੇਂ-ਸਮੇਂ ਕਾਲਜ ਵਿਖੇ ਅਤੇ ਕਾਲਜ ਤੋਂ ਬਾਹਰ ਕੈਂਪ ਲਗਾਏ ਜਾਂਦੇ ਹਨ।

## ਐਨ.ਸੀ.ਸੀ.

ਕਾਲਜ ਵਿਚ ਐਨ.ਸੀ.ਸੀ. ਯੂਨਿਟ ਚਲ ਰਿਹਾ ਹੈ । ਵਿਦਿਆਰਥੀਆਂ ਨੂੰ ਇਸ ਵਿਚ ਸ਼ਾਮਿਲ ਹੋਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ।

## ਸਾਇੰਸ ਲੈਬ

ਕਾਲਜ ਵਿਚ ਬਾਇਉ, ਕਮਿਸਟਰੀ ਅਤੇ ਫਿਜ਼ਿਕਸ ਲੈਬ ਵੀ ਅਤਿ ਆਧੁਨਿਕ ਹਨ, ਇਨ੍ਹਾਂ ਵਿਚ ਪ੍ਰੈਕਟੀਕਲਾਂ ਲਈ ਹਰ ਤਰ੍ਹਾਂ ਦੀਆਂ ਆਧੁਨਿਕ ਸਹੂਲਤਾਂ ਦਾ ਸਮਾਨ ਰੱਖਿਆ ਗਿਆ ਹੈ।

## ਅਕਾਊਂਟਸ ਲੈਬ

ਬੀ.ਕਾਮ. ਦੇ ਵਿਦਿਆਰਥੀਆਂ ਦੀ ਪ੍ਰੈਕਟੀਕਲ ਟ੍ਰੇਨਿੰਗ ਲਈ ਅਕਾਊਂਟਸ ਲੈਬ ਦਾ ਪ੍ਰਬੰਧ ਕੀਤਾ ਗਿਆ ਹੈ।

## ਹੋਰ ਸਾਂਝੀਆਂ ਗਤੀਵਿਧੀਆਂ

ਵਿਦਿਆਰਥੀਆਂ ਨੂੰ ਆਪਣਾ ਟੈਲੈਂਟ ਦਿਖਾਉਣ ਲਈ ਕਾਲਜ ਵਲੋਂ ਧਾਰਮਿਕ ਅਤੇ ਸਭਿਆਚਰਕ ਪ੍ਰੋਗਰਾਮ ਵੀ ਕਰਵਾਏ ਜਾਂਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਜਾਂਦੇ ਖਾਲਸਾਈ ਯੁਵਕ ਮੇਲੇ ਅਤੇ ਖਾਲਸਾਈ ਖੇਡਾਂ ਵਿਚ ਵਿਦਿਆਰਥੀਆਂ ਨੂੰ ਪ੍ਰਵੇਸ਼ ਕਰਵਾਇਆ ਜਾਂਦਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਯੂਥ ਫੈਸਟੀਵਲ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਾਹਿਤਕ ਅਤੇ ਸੱਭਿਆਚਾਰਕ ਮੁਕਾਬਲਿਆਂ ਵਿਚ ਵਿਦਿਆਰਥੀ ਵਧ ਚੜ ਕੇ ਹਿੱਸਾ ਲੈਂਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਕੂਲਾਂ/ਕਾਲਜਾਂ ਦੇ ਪੱਧਰ ਤੱਕ ਕਰਵਾਈ ਜਾਂਦੀ ਧਾਰਮਿਕ ਪ੍ਰੀਖਿਆ ਵਿਚ ਕਾਲਜ ਵਿਦਿਆਰਥੀ ਨੂੰ ਪ੍ਰਵੇਸ਼ ਕਰਵਾਇਆ ਜਾਂਦਾ ਹੈ। ਮੈਰਿਟ ਵਿਚ ਆਏ ਵਿਦਿਆਰਥੀਆ ਨੂੰ ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਨਕਦ ਰਾਸ਼ੀ/ਕਿਤਾਬਾਂ ਆਦਿ ਵਿਸ਼ੇਸ਼ ਸਨਮਾਨ ਵੀ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਕਾਲਜ ਵਲੋਂ ਧਾਰਮਿਕ ਸਮਾਗਮਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਸਨਮਾਨ ਦਿੱਤੇ ਜਾਂਦੇ ਹਨ। ਕਾਲਜ ਵਿਚ ਬਾਸਕਟ ਬਾਲ ਤੋਂ ਇਲਾਵਾ ਬੈਡਮਿੰਟਨ, ਵਾਲੀਬਾਲ, ਫੁੱਟਬਾਲ, ਹਾਕੀ, ਟੇਬਲ ਟੈਨਿਸ, ਚੈਸ ਅਤੇ ਅਥਲੈਟਿਕਸ ਆਦਿ ਖੇਡਾਂ ਦਾ ਪ੍ਰਬੰਧ ਕੀਤਾ ਗਿਆ ਹੈ।

## ਬੱਸਾਂ

ਕਾਲਜ ਵਲੋਂ ਲੜਕੀਆਂ ਨੂੰ ਲਿਆਉਣ ਵਾਸਤੇ ਬੱਸਾਂ ਦੀ ਵਿਸ਼ੇਸ਼ ਸਹੂਲਤ ਹੈ।

## ਵਜ਼ੀਫੇ

1. 10+1, 10+2 ਅਤੇ ਕਾਲਜ ਦੀਆਂ ਕਲਾਸਾਂ ਦੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ 5000 ਰੁਪਏ ਤੋਂ ਲੈ ਕੇ 10000 ਰੁਪਏ ਸਲਾਨਾ ਵਜ਼ੀਫਾ (ਵਜ਼ੀਫੇ ਲੈਣ ਲਈ ਧਾਰਮਿਕ ਪ੍ਰੀਖਿਆ ਦੇਣੀ ਲਾਜ਼ਮੀ ਹੈ)।
2. ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ, ਪੱਛੜੀਆਂ ਜਾਤੀਆਂ ਅਤੇ ਘੱਟ ਗਿਣਤੀ ਸ਼੍ਰੇਣੀਆਂ ਲਈ ਸਰਕਾਰੀ ਵਜ਼ੀਫੇ ਭਰਵਾਉਣ ਦੀ ਸਹੂਲਤ।
3. ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਵਜ਼ੀਫੇ।
4. 80% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਵਜ਼ੀਫਾ।
5. ਧਾਰਮਿਕ ਪ੍ਰੀਖਿਆ ਵਜ਼ੀਫੇ।

# ਸਮਾਰਟ ਕਲਾਸ ਰੂਮ



















# ਖਾਲਸਾਈ ਖੇਡਾਂ








# ਵਾਤਾਵਰਨ ਦਿਵਸ





# ਧਾਰਮਿਕ ਗਤੀਵਿਧੀਆਂ


















# ਐਨ.ਸੀ.ਸੀ.















# ਐਨ.ਐਸ.ਐਸ.



# ਗਤੀਵਿਧੀਆਂ



























# ਖਬਰਨਾਮਾ



ਬਾਬਾ ਜੀਵਨ ਸਿੰਘ ਕਾਲਜ ਦੇ ਨਵੇਂ ਪ੍ਰਿੰਸੀਪਲ ਦਾ ਅਹੁਦਾ ਸੰਭਾਲਣ ਮੌਕੇ ਰੁਪਿੰਦਰ ਸਿੰਘ ਨੂੰ ਸਨਮਾਨਿਤ ਕਰਦੇ ਸਟਾਫ ਮੈਂਬਰ।

## ਡਾ. ਰੁਪਿੰਦਰ ਸਿੰਘ ਨੇ ਅਹੁਦਾ ਸੰਭਾਲਿਆ

**ਦਰਸ਼ਨ ਸਿੰਘ ਚੀਚਾ, ਘਰਿੰਡਾ** : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਰਹਿਨੁਮਾਈ ਹੇਠ ਚੱਲ ਰਹੇ ਸ਼ਹੀਦ ਬਾਬਾ ਜੀਵਨ ਸਿੰਘ ਖਾਲਸਾ ਕਾਲਜ, ਸਤਲਾਣੀ ਸਾਹਿਬ ਵਿਖੇ ਡਾ. ਰੁਪਿੰਦਰ ਸਿੰਘ ਨੇ ਕਾਰਜਕਾਰੀ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲਿਆ। ਇਸ ਮੌਕੇ ਡਾ. ਕੁਲਵਿੰਦਰ ਸਿੰਘ, ਪ੍ਰਿੰਸੀਪਲ ਤ੍ਰੈ ਸ਼ਤਾਬਦੀ ਖਾਲਸਾ ਕਾਲਜ ਅੰਮ੍ਰਿਤਸਰ, ਡਾ. ਗੁਰਜੰਟ ਸਿੰਘ, ਮਨਿੰਦਰ ਮੋਹਨ ਸਿੰਘ ਇੰਟਰਨਲ ਆਡੀਟਰ ਐਸਜੀਪੀਸੀ ਨੇ ਪਹੁੰਚ ਕੇ ਡਾ. ਰੁਪਿੰਦਰ ਸਿੰਘ ਨੂੰ ਹਾਜ਼ਰ ਕਰਵਾਇਆ। ਕਾਲਜ ਵਿਖੇ ਉਨ੍ਹਾਂ ਦੀ ਆਮਦ 'ਤੇ ਸਮੁੱਚੇ ਸਟਾਫ ਨੇ ਪ੍ਰਿੰਸੀਪਲ ਰੁਪਿੰਦਰ ਸਿੰਘ ਨੂੰ ਆਇਆਂ ਕਿਹਾ ਤੇ ਸਿਰੋਪਾਓ ਨਾਲ ਸਨਮਾਨਿਤ ਕੀਤਾ। ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸਕੱਤਰ ਵਿੱਦਿਆ ਸੁਖਮਿੰਦਰ ਸਿੰਘ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਹਰਜਿੰਦਰ ਸਿੰਘ ਮੱਲ੍ਹ ਨੰਗਲ, ਗਗਨਦੀਪ ਸਿੰਘ, ਗੁਰਪ੍ਰੀਤ ਕੌਰ, ਪ੍ਰੋ. ਰਾਜਬੀਰ ਕੌਰ, ਹਰਪ੍ਰੀਤ ਕੌਰ, ਹਰਮਿੰਦਰ ਸਿੰਘ, ਮਨਿੰਦਰ ਸਿੰਘ, ਗੁਰਸਿਮਰਨ ਸਿੰਘ ਆਦਿ ਹਾਜ਼ਰ ਸਨ।

## ਕਾਲਜ ਦੀ ਚੜ੍ਹਦੀ ਕਲਾ ਅਤੇ ਵਿਦਿਆਰਥੀਆਂ ਦੇ ਚੰਗੇ ਇਮਤਿਹਾਨਾਂ ਲਈ ਕਰਵਾਇਆ ਅਰਦਾਸ ਸਮਾਗਮ

ਸੰਨ੍ਹ ਸਾਹਿਬ,ਸ੍ਰੀ ਅੰਮ੍ਰਿਤਸਰ ਸਾਹਿਬ,21ਫਰਵਰੀ(ਅਜਮੇਰ ਬਾਸਰਕੇ)-ਸ਼ਹੀਦ ਬਾਬਾ ਜੀਵਨ ਸਿੰਘ ਖਾਲਸਾ ਕਾਲਜ ਸਤਲਾਣੀ ਸਾਹਿਬ ਵਿਖੇ ਕਾਲਜ ਦੀ ਚੜ੍ਹਦੀ ਕਲਾ ਅਤੇ ਵਿਦਿਆਰਥੀਆਂ ਦੇ ਚੰਗੇ ਇਮਤਿਹਾਨਾਂ ਲਈ ਅਰਦਾਸ ਸਮਾਗਮ ਕਰਵਾਇਆ ਗਿਆ। ਇਹ ਸਮਾਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਕੀਤਾ ਗਿਆ। ਜਿਸ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕੀਤਾ ਗਿਆ ਅਤੇ ਕਾਲਜ ਦੇ ਬੀ.ਏ ਦੇ ਵਿਦਿਆਰਥੀ ਗੁਰਪ੍ਰਤਾਪ ਸਿੰਘ ਦੇ ਜਥੇ ਵਲੋਂ ਇਲਾਹੀ ਬਾਣੀ ਦਾ ਕੀਰਤਨ ਕਰਕੇ ਨਿਹਾਲ ਕੀਤਾ ਗਿਆ ਉਪਰੰਤ ਕਾਲਜ ਦੀ ਚੜ੍ਹਦੀ ਕਲਾ ਅਤੇ ਵਿਦਿਆਰਥੀਆਂ ਦੇ ਚੰਗੇ ਇਮਤਿਹਾਨਾਂ ਲਈ ਗੁਰਦੁਆਰਾ ਗੁਰਸਰ ਸਤਲਾਣੀ ਸਾਹਿਬ ਜੀ ਦੇ ਹੈਡ ਗ੍ਰੰਥੀ ਗਿਆਨੀ ਕਸ਼ਮੀਰ ਸਿੰਘ ਵਲੋਂ ਅਰਦਾਸ ਕੀਤੀ ਗਈ ਅਤੇ ਕਾਲਜ ਦੇ ਪ੍ਰਿੰਸੀਪਲ ਡਾ.ਰੁਪਿੰਦਰ ਸਿੰਘ ਜੀ ਵਲੋਂ ਵਿਦਿਆਰਥੀਆਂ ਨੂੰ ਚੰਗੇ ਇਮਤਿਹਾਨਾਂ ਲਈ ਸ਼ੁਭਕਾਮਨਾਵਾਂ ਦਿੱਤੀਆਂ ਇਸ ਸਮਾਗਮ ਵਿੱਚ ਸਮੂਹ ਸਟਾਫ ਅਤੇ ਵਿਦਿਆਰਥੀਆਂ ਤੋਂ ਇਲਾਵਾ ਸੁਪਰਡੈਂਟ ਸ੍ਰ.ਹਰਜਿੰਦਰ ਸਿੰਘ,ਡਾ. ਗੁਰਪ੍ਰੀਤ ਕੌਰ,ਡਾ.ਰਾਜਬੀਰ ਕੌਰ,ਪ੍ਰੋ. ਗਗਨਦੀਪ ਸਿੰਘ,ਪ੍ਰੋ.ਸੰਦੀਪ ਕੌਰ, ਪ੍ਰੋ. ਹਰਪ੍ਰੀਤ ਕੌਰ, ਪ੍ਰੋ. ਸੁਖਦੀਪ ਸਿੰਘ,ਪ੍ਰੋ.ਗੁਰਸਿਮਰਨ ਸਿੰਘ, ਪ੍ਰੋ. ਬਲਜਿੰਦਰ ਕੌਰ,ਪ੍ਰੋ.ਨਵਜੀਤ ਕੌਰ,ਪ੍ਰੋ. ਨਵਪ੍ਰੀਤ ਕੌਰ,ਪ੍ਰੋ.ਗੁਰਸਾਹਿਬ ਸਿੰਘ, ਸ.ਹਰਮਿੰਦਰ ਸਿੰਘ,ਸ.ਜਸਬੀਰ ਸਿੰਘ ਆਦਿ ਨੇ ਹਾਜ਼ਰੀ ਭਰੀ ਗਈ।



**ਦੇਸ਼ ਪ੍ਰਦੇਸ਼ ਟਾਈਮਜ਼**
www.deshpardeshtimes.com

## ਸ਼੍ਰੋਮਣੀ ਕਮੇਟੀ ਨੇ ਕਾਲਜ ਨੂੰ ਸਮਾਰਟ ਐਲ.ਈ.ਡੀ. ਟੀ.ਵੀ. ਕੀਤੀ ਭੇਂਟ




ਪੰਜਾਬ ਟਾਈਮਜ਼ | ਵਿਸ਼ੇਸ਼

ਸ੍ਰੀ ਅੰਮ੍ਰਿਤਸਰ ਸਾਹਿਬ, 4 ਅਪ੍ਰੈਲ (ਜਤਿੰਦਰ ਸਿੰਘ ਬੇਦੀ, ਡਾ. ਸਵਰਨ ਸਿੰਘ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ ਜੀ ਦੀ ਰਹਿਨੁਮਾਈ ਅਤੇ ਵਿਦਿਆ ਸਕੱਤਰ ਸ. ਸੁਖਮਿੰਦਰ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਚੱਲ ਰਹੇ ਸ਼ਹੀਦ ਬਾਬਾ ਜੀਵਨ ਸਿੰਘ ਖਾਲਸਾ ਕਾਲਜ ਸਤਲਾਣੀ ਸਾਹਿਬ ਵਿਖੇ ਦਫ਼ਤਰ ਵੱਲੋਂ ਕਾਲਜ ਨੂੰ ਸਮਾਰਟ ਐਲ.ਈ.ਡੀ. ਟੀ.ਵੀ. ਦਿੱਤਾ ਗਿਆ। ਇਹ ਸਮਾਰਟ ਐਲ.ਈ.ਡੀ. ਟੀ.ਵੀ. ਮੀਤ ਸਕੱਤਰ ਸ. ਗੁਰਦਿਆਲ ਸਿੰਘ ਵੱਲੋਂ ਕਾਲਜ ਦੇ ਪ੍ਰਿੰਸੀਪਲ ਡਾ. ਰੁਪਿੰਦਰ ਸਿੰਘ ਜੀ ਦੇ ਸਪੁਰਦ ਕੀਤਾ ਗਿਆ। ਪ੍ਰਿੰਸੀਪਲ ਡਾ. ਰੁਪਿੰਦਰ ਸਿੰਘ ਅਤੇ ਸਮੂਹ ਸਟਾਫ ਵੱਲੋਂ ਸਮਾਰਟ ਐਲ.ਈ.ਡੀ. ਟੀ.ਵੀ. ਭੇਂਟ ਲਈ ਦਫ਼ਤਰੀ ਨੁਮਾਇੰਦਿਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸ. ਮਨਿੰਦਰ ਮੋਹਨ ਸਿੰਘ (ਇੰਟਰਨਲ ਆਡੀਟਰ), ਪ੍ਰੋ. ਗੁਰਜੀਤ ਸਿੰਘ ਆਦਿ ਦਫ਼ਤਰੀ ਨੁਮਾਇੰਦੇ ਹਾਜ਼ਰ ਸਨ।

## ਸਤਲਾਣੀ ਸਾਹਿਬ ਕਾਲਜ ਦੀ ਵਿਦਿਆਰਥਣ ਨੇ ਮਾਰਿਆ ਮਾਅਰਕਾ, ਕੀਤਾ ਕਾਲਜ ਤੇ ਮਾਪਿਆ ਦਾ ਨਾਮ ਰੋਸ਼ਨ

ਪੰਜਾਬ ਟਾਈਮਜ਼ | ਵਿਸ਼ੇਸ਼



ਸ੍ਰੀ ਅੰਮਿਤਸਰ ਸਾਹਿਬ, 4 ਅਪ੍ਰੈਲ (ਜਤਿੰਦਰ ਸਿੰਘ ਬੇਦੀ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ ਜੀ ਦੀ ਰਹਿਨੁਮਾਈ ਅਤੇ ਵਿਦਿਆ ਸਕੱਤਰ ਸ. ਸੁਖਮਿੰਦਰ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਚੱਲ ਰਹੇ ਸ਼ਹੀਦ ਬਾਬਾ ਜੀਵਨ ਸਿੰਘ ਖਾਲਸਾ ਕਾਲਜ ਸਤਲਾਣੀ ਸਾਹਿਬ ਦਾ ਨਤੀਜਾ ਸ਼ਾਨਦਾਰ ਰਿਹਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਗਏ ਨਤੀਜੇ ਬੀ.ਐਸ.ਸੀ ਕੰਪਿਊਟਰ ਸਾਇੰਸ ਤੀਜਾ ਸਮੈਸਟਰ ਦੀ ਵਿਦਿਆਰਥਣ ਨਵਰੀਨ ਕੌਰ ਨੇ 81 ਪ੍ਰਤੀਸ਼ਤ ਨੰਬਰ ਲੈ ਕੇ ਕਾਲਜ ਵਿੱਚੋਂ ਪਹਿਲਾਂ ਸਥਾਨ ਪ੍ਰਾਪਤ ਕਰਕੇ ਕਾਲਜ ਅਤੇ ਇਲਾਕੇ ਦਾ ਨਾਮ ਰੋਸ਼ਨ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ. ਰੁਪਿੰਦਰ ਸਿੰਘ ਜੀ ਨੇ ਵਿਦਿਆਰਥਣ ਦਾ ਮੂੰਹ ਮਿੱਠਾ ਕਰਵਾਉਂਦਿਆਂ ਕਿਹਾ ਕਿ ਇਸ ਪਾਪਤੀ ਲਈ ਵਿਦਿਆਰਥਣ ਦੀ ਮਿਹਨਤ ਅਤੇ ਕੰਪਿਊਟਰ ਵਿਭਾਗ ਦੇ ਮੁੱਖੀ ਪ੍ਰੋ. ਗਗਨਦੀਪ ਸਿੰਘ ਅਤੇ ਉਨਾਂ ਦੇ ਸਟਾਫ ਦੀ ਯੋਗ ਅਗਵਾਈ ਸਦਕਾ ਹੀ ਇਹੋ ਜਿਹੀਆਂ ਪ੍ਰਾਪਤੀਆਂ ਕੀਤੀਆਂ ਜਾ ਸਕਦੀਆਂ ਹਨ। ਸਮੂਹ ਸਟਾਫ ਵੱਲੋਂ ਵਿਦਿਆਰਥਣ ਨਵਰੀਨ ਕੌਰ ਅਤੇ ਉਸਦੇ ਮਾਪਿਆ ਨੂੰ ਵਧਾਈ ਦਿੱਤੀ ਗਈ। ਇਸ ਮੌਕੇ ਡਾ. ਗੁਰਪ੍ਰੀਤ ਕੌਰ ਅਤੇ ਡਾ. ਰਾਜਬੀਰ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਅੰਮ੍ਰਿਤਸਰ ਦੇ ਸਰਹੱਦੀ ਪਿੰਡ ਹੁਸ਼ਿਆਰ ਨਗਰ 'ਚ ਖੋਲਿਆ ਸ਼ਹੀਦ ਬਾਬਾ ਜੀਵਨ ਸਿੰਘ ਖਾਲਸਾ ਕਾਲਜ ਵਿਦਿਆ ਅਤੇ ਖੇਡ ਖੇਤਰ ਵਿਚ ਆਪਣਾ ਅਹਿਮ ਯੋਗਦਾਨ ਪਾ ਰਿਹਾ ਹੈ। ਜੋ ਆਪਣੇ ਆਪ 'ਚ ਇਕ ਨਿਵੇਕਲਾ ਤੇ ਬੇਮਿਸਾਲ ਸਹੂਲਤਾਂ ਨਾਲ ਲੈਸ ਹੈ। ਉਨ੍ਹਾਂ ਦੱਸਿਆ ਕਿ ਪ੍ਰਿੰਸੀਪਲ ਡਾ. ਰੁਪਿੰਦਰ ਸਿੰਘ ਅਤੇ ਕਾਲਜ ਦਾ ਸਮੁੱਚਾ ਸਟਾਫ ਵਿਦਿਆਰਥੀਆਂ ਦੀ ਚੜ੍ਹਦੀ ਕਲਾ ਲਈ ਹਮੇਸ਼ਾਂ ਤਤਪਰ 'ਤੇ ਯਤਨਸ਼ੀਲ ਹੈ ਇਸ ਵਿਦਿਅਕ ਅਦਾਰੇ ਤੋਂ ਪੜ੍ਹ ਰਹੇ ਸੈਂਕੜੇ ਵਿਦਿਆਰਥੀ ਅਤੇ ਵਿਦਿਆਰਥਣਾਂ ਆਪਣੇ ਮਾਤਾ-ਪਿਤਾ ਤੇ ਕਾਲਜ ਦਾ ਨਾਂਅ ਰੋਸ਼ਨ ਕਰ ਰਹੇ ਹਨ। ਇਸ ਮੌਕੇ ਡਾ. ਗੁਰਪ੍ਰੀਤ ਕੌਰ, ਡਾ. ਰਾਜਬੀਰ ਕੌਰ, ਪ੍ਰੋ: ਸੰਦੀਪ ਕੌਰ, ਪ੍ਰੋ: ਗਗਨਦੀਪ ਸਿੰਘ, ਪ੍ਰੋ: ਹਰਪ੍ਰੀਤ ਕੌਰ, ਪ੍ਰੋ: ਗੁਰਸਿਮਰਨ ਸਿੰਘ, ਸੁਪਰਡੈਂਟ ਹਰਜਿੰਦਰ ਸਿੰਘ ਮੱਲੂਨੰਗਲ, ਕਲਰਕ ਪਰਮਵੀਰ ਸਿੰਘ ਆਦਿ ਸਟਾਫ ਮੈਂਬਰ ਹਾਜ਼ਰ ਸਨ।

## ਧਾਰਮਿਕ ਪ੍ਰੀਖਿਆ ਵਿੱਚੋਂ ਸਤਲਾਣੀ ਸਾਹਿਬ ਕਾਲਜ ਦੇ ਵਿਦਿਆਰਥੀਆਂ ਨੇ ਵਜ਼ੀਫਾ ਹਾਸਲ ਕੀਤਾ

ਅਟਾਰੀ, 28 ਅਪ੍ਰੈਲ (ਰਾਜਿੰਦਰ ਸਿੰਘ ਰੂਬ/ਗੁਰਦੀਪ ਸਿੰਘ ਅਟਾਰੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਰਹਿਨੁਮਾਈ ਅਤੇ ਵਿਦਿਆ ਸਕੱਤਰ ਸੁਖਮਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਚੱਲ ਰਹੇ ਸ਼ਹੀਦ ਬਾਬਾ ਜੀਵਨ ਸਿੰਘ ਖਾਲਸਾ ਕਾਲਜ ਸਤਲਾਣੀ ਸਾਹਿਬ ਦਾ ਧਾਰਮਿਕ ਪ੍ਰੀਖਿਆ ਦਾ ਨਤੀਜਾ ਸ਼ਾਨਦਾਰ ਰਿਹਾ। ਧਰਮ ਪਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵਲੋਂ ਬੱਚਿਆਂ ਨੂੰ ਗੁਰ-ਇਤਿਹਾਸ, ਗੁਰਬਾਣੀ, ਸਿੱਖ-ਇਤਿਹਾਸ ਅਤੇ ਰਹਿਤ ਮਰਯਾਦਾ ਦੀ ਵੱਡਮੁੱਲੀ ਜਾਣਕਾਰੀ ਦੇਣ ਲਈ ਹਰ ਸਾਲ ਧਾਰਮਿਕ ਪ੍ਰੀਖਿਆ ਲਈ ਜਾਂਦੀ ਹੈ, ਜਿਸ ਵਿਚ 70 ਪ੍ਰਤੀਸ਼ਤ ਨੰਬਰ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਵਜ਼ੀਫੇ ਦਿੱਤੇ ਜਾਂਦੇ ਹਨ। ਇਸੇ ਤਹਿਤ ਕਾਲਜ ਦੇ ਵਿਦਿਆਰਥੀ ਜਿੱਥੇ ਪੀਐਸਈਬੀ ਦੀਆਂ ਪ੍ਰੀਖਿਆਵਾਂ ਵਿਚੋਂ ਚੰਗੀ ਪ੍ਰਤੀਸ਼ਤਤਾ ਪ੍ਰਾਪਤ ਕਰਦੇ ਹਨ। ਉਥੇ ਧਾਰਮਿਕ ਪ੍ਰੀਖਿਆ ਵਿਚ ਵੀ ਹਰ ਸਾਲ ਵਜ਼ੀਫੇ ਪ੍ਰਾਪਤ ਕਰਦੇ ਹਨ। ਸ਼ੈਸ਼ਨ 2023-24 ਦੌਰਾਨ ਹੋਈ ਧਾਰਮਿਕ-ਪ੍ਰੀਖਿਆ ਵਿਚ ਦੋ ਵਿਦਿਆਰਥੀਆਂ ਸੁਖਜੀਤ ਸਿੰਘ ਅਤੇ ਸਾਜਨਪ੍ਰੀਤ ਸਿੰਘ ਨੇ ਦੂਜੇ ਦਰਜੇ ਦੀ ਪ੍ਰੀਖਿਆ 'ਚੋਂ 70% ਤੋਂ ਵੱਧ ਅੰਕ ਪ੍ਰਾਪਤ ਕਰਕੇ ਕ੍ਰਮਵਾਰ 2100-2100 ਰੁਪਏ ਪ੍ਰਤੀ ਵਿਦਿਆਰਥੀ ਵਜ਼ੀਫਾ ਹਾਸਿਲ ਕੀਤਾ। ਲੈਕਚਰਾਰ ਸੁਖਦੀਪ ਸਿੰਘ ਨੇ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਇਸ ਸੁਚੱਜੇ ਕਾਰਜ ਦੀ ਸ਼ਲਾਘਾ ਕਰਦਿਆਂ ਦੱਸਿਆ ਕਿ ਇਸ ਨਾਲ ਵਿਦਿਆਰਥੀ ਗੁਰਬਾਣੀ ਅਤੇ ਸਿੱਖ-ਇਤਿਹਾਸ ਦੀ ਜਾਣਕਾਰੀ ਪ੍ਰਾਪਤ ਕਰਦੇ ਹਨ ਅਤੇ ਵਜ਼ੀਫੇ ਦੇ ਨਾਲ ਵਿਦਿਆਰਥੀਆਂ ਦੀ ਹੌਂਸਲਾ ਅਫਜਾਈ ਹੁੰਦੀ ਹੈ। ਕਾਲਜ ਪ੍ਰਿੰਸੀਪਲ ਡਾ. ਰੁਪਿੰਦਰ ਸਿੰਘ ਨੇ ਦੱਸਿਆ ਕਿ ਇਸ ਕਾਲਜ ਤੋਂ ਬਾਰਡਰ ਦੇ ਵਿਦਿਆਰਥੀ ਉਚ ਵਿਦਿਆ ਪ੍ਰਾਪਤ ਕਰਨ ਦੇ ਨਾਲ-ਨਾਲ ਧਾਰਮਿਕ ਵਿਦਿਆ ਵੀ ਪ੍ਰਾਪਤ ਕਰਦੇ ਹਨ ਅਤੇ ਧਾਰਮਿਕ ਪ੍ਰੀਖਿਆਵਾਂ ਵਿੱਚੋਂ ਵਜ਼ੀਫੇ ਹਾਸਿਲ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ +1,+2 ਅਤੇ ਬੀ.ਏ, ਬੀ.ਕਾਮ, ਬੀ.ਸੀ.ਏ, ਬੀ.ਐੱਸ.ਸੀ, ਡੀ. ਸੀ. ਏ., ਪੀਜੀਡੀਸੀਏ ਆਦਿ ਕਲਾਸਾਂ ਵਿਚ ਦਾਖ਼ਲੇ ਸ਼ੁਰੂ ਹੋ ਗਏ ਹਨ ਅਤੇ ਇਲਾਕੇ ਦੇ ਵਿਦਿਆਰਥੀਆਂ ਨੂੰ ਉਚ ਵਿਦਿਆ ਪ੍ਰਾਪਤ ਕਰਨ ਲਈ ਵੱਧ ਤੋਂ ਵੱਧ ਕਾਲਜ ਵਿਚ ਦਾਖ਼ਲੇ ਲੈਣ ਲਈ ਕਿਹਾ। ਉਨ੍ਹਾਂ ਕਿਹਾ ਕਿ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ 5000 ਤੋਂ ਲੈ ਕੇ 10000 ਰੁਪਏ ਤੱਕ ਫੀਸਾਂ ਵਿਚੋਂ ਵਿਸ਼ੇਸ਼ ਛੋਟ ਦਿੱਤੀ ਜਾਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਰਹਿਨੁਮਾਈ ਅਤੇ ਵਿਦਿਆ ਸਕੱਤਰ ਸ. ਸੁਖਮਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਚੱਲ ਰਹੇ ਇਸ ਕਾਲਜ ਵਿਚ ਗੁਰਮਤਿ ਅਤੇ ਉਚ ਵਿਦਿਆ ਦੀ ਪ੍ਰਾਪਤ ਲਈ ਸੰਗਤਾਂ ਨੂੰ ਵੱਧ ਤੋਂ ਵੱਧ ਕਾਲਜ ਵਿਚ ਦਾਖ਼ਲੇ ਲਈ ਅਪੀਲ ਕੀਤੀ ਹੈ।



**ਵਜ਼ੀਫਾ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀਆਂ ਤਸਵੀਰਾਂ।** ਤਸਵੀਰਾਂ: ਗੁਰਦੀਪ ਸਿੰਘ ਅਟਾਰੀ

## ਜਥੇ: ਰਣੀਕੇ ਨੇ ਸ਼ਹੀਦ ਬਾਬਾ ਜੀਵਨ ਸਿੰਘ ਖਾਲਸਾ ਕਾਲਜ ਕਾਲਜ 'ਚ ਸਮਾਰਟ ਕਲਾਸ ਰੂਮ ਦਾ ਕੀਤਾ ਉਦਘਾਟਨ



ਪੰਜਾਬ ਟਾਈਮਜ਼ | ਖ਼ਬਰ

ਸ੍ਰੀ ਅੰਮ੍ਰਿਤਸਰ ਸਾਹਿਬ, 23 ਮਾਰਚ (ਜਤਿੰਦਰ ਸਿੰਘ ਬੇਦੀ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਵਿਦਿਅਕ ਅਦਾਰੇ ਸ਼ਹੀਦ ਬਾਬਾ ਜੀਵਨ ਸਿੰਘ ਖਾਲਸਾ ਕਾਲਜ, ਸਤਲਾਣੀ ਸਾਹਿਬ ਵਿਖੇ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰ. ਹਰਜਿੰਦਰ ਸਿੰਘ ਧਾਮੀ ਅਤੇ ਸ੍ਰ. ਸੁਖਮਿੰਦਰ ਸਿੰਘ ਸਕੱਤਰ ਵਿੱਦਿਆ ਦੇ ਵਿਸ਼ੇਸ਼ ਉਪਰਾਲੇ ਸਦਕਾ ਐਚ.ਡੀ.ਐਫ.ਸੀ. ਬੈਂਕ ਦੇ ਸਹਿਯੋਗ ਨਾਲ ਬਣਾਇਆ ਗਿਆ ਸਮਾਰਟ ਕਲਾਸ ਰੂਮ ਦਾ ਉਦਘਾਟਨ ਅੱਜ ਸਾਬਕਾ ਕੈਬਨਿਟ ਮੰਤਰੀ ਜਥੇ: ਗੁਲਜਾਰ ਸਿੰਘ ਰਣੀਕੇ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਇਸ ਮੌਕੇ ਉਨ੍ਹਾਂ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਮਿਹਨਤ ਅਤੇ ਲਗਨ ਨਾਲ ਅੱਗੇ ਵਧਦੇ ਹੋਏ ਆਪਣੇ ਕਾਲਜ ਅਤੇ ਮਾਪਿਆਂ ਦਾ ਨਾਂ ਰੌਸ਼ਨ ਕਰਨ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਜਥੇ: ਮੰਗਵਿੰਦਰ ਸਿੰਘ ਖਾਪੜਖੇੜੀ ਨੇ ਸੰਬੋਧਨ ਕਰਦਿਆਂ ਵਿਦਿਆਰਥੀਆਂ ਨੂੰ ਆਪਣੇ ਮਾਪਿਆਂ ਤੇ ਅਧਿਆਪਕਾਂ ਦੇ ਸਤਿਕਾਰ ਦੇ ਨਾਲ-ਨਾਲ ਚੰਗੇ ਭਵਿੱਖ ਲਈ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਕੇ ਤਰੱਕੀਆਂ ਕਰਨ ਲਈ ਪ੍ਰੇਰਿਤ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ. ਰੁਪਿੰਦਰ ਸਿੰਘ ਜੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਵਿਦਿਆਰਥੀਆਂ ਨੂੰ ਆਧੁਨਿਕ ਤਕਨੀਕ ਨਾਲ ਵਿੱਦਿਆ ਦੇਣ ਲਈ ਬਣਾਏ ਗਏ ਸਮਾਰਟ ਕਲਾਸ ਰੂਮ ਦੇ ਉਪਰਾਲੇ ਲਈ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਇਸ ਦੌਰਾਨ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਖਾਲਸਾ ਕਾਲਜ ਵਿੱਚ ਕਰਵਾਏ ਗਏ ਅੰਤਰ ਯੁਵਕ ਮੇਲੇ ਦੌਰਾਨ ਕਾਲਜ 'ਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਦੌਰਾਨ ਡਾ. ਗੁਰਪ੍ਰੀਤ ਕੌਰ ਨੇ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਸ. ਹਰਵਿੰਦਰ ਸਿੰਘ ਵੇਰਕਾ, ਜਥੇ: ਅਜੀਤ ਸਿੰਘ ਹੁਸ਼ਿਆਰ ਨਗਰ, ਸ. ਹਰਭਜਨ ਸਿੰਘ ਠੇਕੇਦਾਰ, ਸ. ਕਸ਼ਮੀਰ ਸਿੰਘ ਭਕਨਾ, ਸ. ਅਮਨਦੀਪ ਸਿੰਘ ਚੱਬਾ ਅਤੇ ਕਾਲਜ ਦਾ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

## ਕਾਲਜ 'ਚ ਮਨਾਇਆ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ

ਪੰਜਾਬ ਟਾਈਮਜ਼ | ਵਿਸ਼ੇਸ਼



ਸਹਾਇਕ ਪੰਜਾਬੀ ਪ੍ਰੋ. ਡਾ. ਰਾਜਬੀਰ ਕੌਰ ਮਾਤ ਭਾਸ਼ਾ ਸਬੰਧੀ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ।

ਸ੍ਰੀ ਅੰਮ੍ਰਿਤਸਰ ਸਾਹਿਬ, 23 ਫਰਵਰੀ (ਜਤਿੰਦਰ ਸਿੰਘ ਬੇਦੀ)- ਸ਼ਹੀਦ ਬਾਬਾ ਜੀਵਨ ਸਿੰਘ ਖਾਲਸਾ ਕਾਲਜ ਸਤਲਾਣੀ ਸਾਹਿਬ ਵਿਖੇ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਇਆ ਗਿਆ। ਮਾਤਾ ਭਾਸ਼ਾ ਦਿਵਸ ਨੂੰ ਸਮਰਪਿਤ ਕਾਵਿ ਉਚਾਰਣ ਅਤੇ ਲੋਕ ਗੀਤ ਮੁਕਾਬਲੇ ਕਰਵਾਏ ਗਏ। ਜਿਸ ਵਿਚ ਕਾਲਜ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਮੌਕੇ ਕਾਲਜ ਦੇ ਪਿੰ?ਰਸੀਪਲ ਡਾ. ਰੁਪਿੰਦਰ ਸਿੰਘ ਨੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਅਤੇ ਮੁਕਾਬਲੇ ਵਿਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸ਼ਾਬਾਸ਼ ਦਿੰਦਿਆਂ ਉਨ੍ਹਾਂ ਨੂੰ ਪੰਜਾਬੀ ਭਾਸ਼ਾ ਪ੍ਰਤੀ ਸੁਹਿਰਦ ਹੋਣ ਅਤੇ ਪੰਜਾਬੀ ਭਾਸ਼ਾ ਨੂੰ ਹੋਰ ਪ੍ਰਫੁੱਲਤ ਕਰਨ ਲਈ ਹਰ ਸੰਭਵ ਯਤਨ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਹਾਇਕ ਪੰਜਾਬੀ ਪ੍ਰੋ. ਡਾ. ਰਾਜਬੀਰ ਕੌਰ ਨੇ ਮਾਤ ਭਾਸ਼ਾ ਦੇ ਨੁਕਤਿਆਂ ਨੂੰ ਉਭਰਾਦਿਆਂ ਕਿਹਾ ਕਿ ਸ਼ਬਦਾਂ ਨੂੰ ਜਿਉਂਦੇ ਰੱਖਣਾ ਅੱਜ ਸਮੇਂ ਦੀ ਮੁੱਖ ਲੋੜ ਹੈ ਅਤੇ ਸਾਫ-ਸੁਥਰੇ ਸ਼ਬਦਾਂ ਨਾਲ ਸਮਾਜ ਨੂੰ ਇਕ ਚੰਗੀ ਸੇਧ ਦਿੱਤੀ ਜਾ ਸਕਦੀ ਹੈ। ਇਸ ਮੌਕੇ ਸੁਪਰਡੈਂਟ ਸ. ਹਰਜਿੰਦਰ ਸਿੰਘ ਮੱਲ੍ਹਨੰਗਲ, ਡਾ. ਗੁਰਪ੍ਰੀਤ ਕੌਰ, ਡਾ. ਰਾਜਬੀਰ ਕੌਰ, ਪ੍ਰੋ. ਗਗਨਦੀਪ ਸਿੰਘ, ਪ੍ਰੋ. ਸੰਦੀਪ ਕੌਰ, ਪ੍ਰੋ. ਹਰਪ੍ਰੀਤ ਕੌਰ, ਪ੍ਰੋ. ਸੁਖਦੀਪ ਸਿੰਘ, ਪ੍ਰੋ. ਗੁਰਸਿਮਰਨ ਸਿੰਘ, ਪ੍ਰੋ. ਬਲਜਿੰਦਰ ਕੌਰ, ਪ੍ਰੋ. ਨਵਜੀਤ ਕੌਰ, ਪ੍ਰੋ. ਨਵਪ੍ਰੀਤ ਕੌਰ, ਪ੍ਰੋ. ਗੁਰਸਾਹਿਬ ਸਿੰਘ, ਸ. ਹਰਮਿੰਦਰ ਸਿੰਘ, ਸ. ਜਸਬੀਰ ਸਿੰਘ ਆਦਿ ਸਮੂਹ ਸਟਾਫ ਮੈਂਬਰ ਹਾਜ਼ਰ ਸਨ।



ਕਾਲਜ ਵਿਖੇ ਮਨਾਏ ਗਏ ਅੰਤਰਰਾਸ਼ਟਰੀ ਮਹਿਲਾ ਦਿਵਸ ਦੀ ਤਸਵੀਰ। ਤਸਵੀਰ : ਗੁਰਦੀਪ ਸਿੰਘ ਅਟਾਰੀ

## ਕੌਮਾਂਤਰੀ ਮਹਿਲਾ ਦਿਵਸ ਮਨਾਇਆ

ਅਟਾਰੀ, 12 ਮਾਰਚ (ਗੁਰਦੀਪ ਸਿੰਘ ਅਟਾਰੀ, ਰਾਜਿੰਦਰ ਸਿੰਘ ਰੂਬੀ)-ਸ਼ਹੀਦ ਬਾਬਾ ਜੀਵਨ ਸਿੰਘ ਖ਼ਾਲਸਾ ਕਾਲਜ ਸਤਲਾਣੀ ਸਾਹਿਬ ਵਿਖੇ ਪ੍ਰਿੰਸੀਪਲ ਡਾ. ਰੁਪਿੰਦਰ ਸਿੰਘ ਦੀ ਰਹਿਨੁਮਾਈ ਹੇਠ ਮਹਿਲਾ ਦਿਵਸ ਮਨਾਇਆ ਗਿਆ, ਜਿਸ ਵਿਚ ਔਰਤਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਦਿਆਂ ਉਨ੍ਹਾਂ ਵਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ ਕਿ ਔਰਤ ਇਕ ਸਮਾਜ ਸਿਰਜਕ ਹੈ। ਉਨ੍ਹਾਂ ਨੇ ਔਰਤਾਂ ਦੇ ਯੋਗਦਾਨ ਅਤੇ ਮਹੱਤਵ ਨੂੰ ਸਪਸ਼ਟ ਕਰਦਿਆਂ ਕਿਹਾ ਕਿ ਉਹ ਸਮਾਜ ਦਾ ਇਕ ਅਹਿਮ ਹਿੱਸਾ ਹਨ ਅਤੇ ਉਹ ਕੇਵਲ ਘਰ ਦੀ ਸਾਂਭ-ਸੰਭਾਲ ਹੀ ਨਹੀਂ ਕਰਦੀਆਂ ਸਗੋਂ ਹਰ ਖੇਤਰ ਜਿਵੇਂ ਨੌਕਰੀਆਂ, ਸਾਇੰਸ, ਕਲਾ ਅਤੇ ਰਾਜਨੀਤਿਕ ਵਰਗੇ ਖੇਤਰਾਂ ਵਿਚ ਵੀ ਅੱਗੇ ਹਨ। ਇਸੇ ਤਰ੍ਹਾਂ ਕਾਲਜ ਦੀਆਂ ਵਿਦਿਆਰਥਣਾਂ ਮਨਪ੍ਰੀਤ ਕੌਰ, ਜਸ਼ਨਦੀਪ ਕੌਰ, ਰਾਜਪ੍ਰੀਤ ਕੌਰ ਅਤੇ ਸਿਮਰਨਜੀਤ ਕੌਰ ਨੇ ਵੀ ਅਜੋਕੀ ਔਰਤ ਦੀ ਸਥਿਤੀ ਅਤੇ ਪਿਛਲੇ ਸਮੇਂ ਵਿਚ ਔਰਤਾਂ ਦੀ ਸਥਿਤੀ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਪੰਜਾਬੀ ਵਿਭਾਗ ਦੇ ਪ੍ਰੋਫੈਸਰ ਡਾ. ਰਾਜਬੀਰ ਕੌਰ ਨੇ ਆਪਣੇ ਭਾਸ਼ਣ ਵਿਚ ਲੜਕੀਆਂ ਨੂੰ ਆਤਮ ਨਿਰਭਰ ਹੋਣ, ਹੱਕਾਂ ਪ੍ਰਤੀ ਜਾਗਰੂਕ ਹੋਣ ਬਾਰੇ ਗੱਲ ਕਰਦਿਆਂ ਕਿਹਾ ਕਿ ਸਮਾਜ ਵਿਚ ਔਰਤ ਹਰ ਖੇਤਰ ਵਿਚ ਸਨਮਾਨਯੋਗ ਸਥਾਨ ਪ੍ਰਾਪਤ ਕਰ ਰਹੀ ਹੈ। ਉਹ ਮਰਦਾਂ ਦੇ ਸਾਹਮਣੇ ਆਪਣੀ ਹੋਂਦ ਨੂੰ ਬਰਕਰਾਰ ਰੱਖਦੀ ਹੋਈ ਅੱਗੇ ਵੱਧ ਰਹੀ ਹੈ ਤੇ ਲੜਕੀਆਂ ਨੂੰ ਹਰ ਚੁਣੌਤੀ ਲਈ ਤਿਆਰ ਬਰ ਤਿਆਰ ਰਹਿਣ ਲਈ ਦੱਸਿਆ। ਅੱਜ ਦੇ ਸਮੇਂ ਵਿਚ ਔਰਤਾਂ ਆਰਥਿਕ ਤੌਰ 'ਤੇ ਵੀ ਆਤਮ-ਨਿਰਭਰ ਹੁੰਦੀਆਂ ਨਜ਼ਰ ਆ ਰਹੀਆਂ ਹਨ। ਔਰਤਾਂ ਨੇ ਆਪਣੇ ਆਪ ਨੂੰ ਪਛਾਣਦਿਆਂ ਹੋਇਆਂ ਹਰ ਖੇਤਰ ਵਿਚ ਮੱਲਾਂ ਮਾਰੀਆਂ ਹਨ। ਇਸ ਸਮੇਂ ਡਾ. ਗੁਰਪ੍ਰੀਤ ਕੌਰ, ਪ੍ਰੋ. ਗਗਨਦੀਪ ਸਿੰਘ, ਪ੍ਰੋ. ਹਰਪ੍ਰੀਤ ਕੌਰ, ਪ੍ਰੋ. ਗੁਰਸਿਮਰਨ ਸਿੰਘ, ਪ੍ਰੋ. ਸੁਖਦੀਪ ਸਿੰਘ, ਪ੍ਰੋ. ਸੰਦੀਪ ਕੌਰ ਤੇ ਪ੍ਰੋ. ਗੁਰਸਾਹਿਬ ਸਿੰਘ ਆਦਿ ਸਮੂਹ ਸਟਾਫ ਹਾਜ਼ਰ ਸੀ।



ਭਾਸ਼ਣ ਮੁਕਾਬਲੇ ਵਿਚ ਹਿੱਸਾ ਲੈਂਦੇ ਵਿਦਿਆਰਥੀ।

## ਕਾਲਜ 'ਚ ਭਾਸ਼ਣ ਮੁਕਾਬਲਾ ਕਰਵਾਇਆ

**ਦਰਸ਼ਨ ਸਿੰਘ, ਘਰਿੰਡਾ**

ਸ਼ਹੀਦ ਬਾਬਾ ਜੀਵਨ ਸਿੰਘ ਖਾਲਸਾ ਕਾਲਜ ਸਤਲਾਣੀ ਸਾਹਿਬ ਵਿਖੇ ਗੰਗਸਰ ਜੈਤੋ ਮੋਰਚੇ ਦੀ 100 ਸਾਲਾ ਸ਼ਤਾਬਦੀ ਨੂੰ ਸਮਰਪਿਤ ਭਾਸ਼ਣ ਮੁਕਾਬਲਾ ਕਰਵਾਇਆ ਗਿਆ। ਜਿਸ ਵਿਚ ਕਾਲਜ ਦੇ ਵਿਦਿਆਰਥੀਆਂ ਨੇ ਗੰਗਸਰ ਜੈਤੋ ਮੋਰਚੇ ਦੇ ਇਤਿਹਾਸ ਸਬੰਧੀ ਭਾਸ਼ਣ ਦਿੱਤੇ। ਇਸ ਮੌਕੇ ਬੀਏ ਦੀ ਵਿਦਿਆਰਥਣ ਰਾਜਪ੍ਰੀਤ ਕੌਰ ਨੇ 'ਅਕਾਲੀ ਮੋਰਚਿਆਂ ਦੇ ਇਤਿਹਾਸ' ਸਬੰਧੀ, ਮਨਪ੍ਰੀਤ ਕੌਰ ਨੇ 'ਜੈਤੋ ਮੋਰਚੇ ਦੇ ਸਮਕਾਲੀ ਪ੍ਰਭਾਵ' ਸਬੰਧੀ ਅਤੇ ਵਿਦਿਆਰਥਣ ਜਸ਼ਨਪ੍ਰੀਤ ਕੌਰ 'ਜੈਤੋ ਦੇ ਮੋਰਚੇ ਵਿਚ ਸਿੱਖ ਬੀਬੀਆਂ ਦਾ ਯੋਗਦਾਨ' ਆਦਿ ਵਿਸ਼ਿਆਂ 'ਤੇ ਭਾਸ਼ਣ ਦਿੱਤੇ। ਇਸ ਦੌਰਾਨ ਧਾਰਮਿਕ ਲੈਕਚਰਾਰ ਸੁਖਦੀਪ ਸਿੰਘ ਨੇ ਇਤਿਹਾਸ ਸਬੰਧੀ ਵਿਚਾਰਾਂ ਦੀ ਸਾਂਝ ਪਾਈ। ਇਸ ਮੌਕੇ ਪ੍ਰਿੰਸੀਪਲ ਡਾ. ਰੁਪਿੰਦਰ ਸਿੰਘ ਨੇ ਵੀ ਵਿਦਿਆਰਥੀਆਂ ਨਾਲ ਜੈਤੋ ਦੇ ਮੋਰਚੇ ਦੇ ਇਤਿਹਾਸ ਸਬੰਧੀ ਆਪਣੇ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਜੈਤੋ ਦਾ ਮੋਰਚਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ ਦੀ ਬਹਾਲੀ ਅਤੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲ-ਅੰਦਾਜ਼ੀ ਵਿਰੁੱਧ ਕੌਮੀ ਜਜ਼ਬੇ ਦੀ ਅਦੁੱਤੀ ਮਿਸਾਲ ਹੈ ਅਤੇ ਇਹ ਸਿੱਖ ਕੌਮ ਦੇ ਸ਼ਾਨਾਂਮੱਤੇ ਇਤਿਹਾਸ ਦਾ ਸੁਨਹਿਰੀ ਪੰਨਾ ਹੈ, ਜਿਸ ਤੋਂ ਸੇਧ ਲੈਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅੱਜ ਪੁਰਾਤਨ ਸਿੱਖਾਂ ਦੇ ਜੀਵਨ ਵਿੱਚੋਂ ਕੌਮੀ ਭਾਵਨਾ ਦੀ ਪ੍ਰੇਰਣਾ ਪ੍ਰਾਪਤ ਕਰਕੇ ਸਿੱਖੀ ਜਜ਼ਬੇ, ਸਮਰਪਣ ਅਤੇ ਦ੍ਰਿੜ੍ਹਤਾ ਜਿਹੇ ਗੁਣ ਅਪਨਾਉਣੇ ਸਮੇਂ ਦੀ ਮੁੱਖ ਲੋੜ ਹੈ। ਪ੍ਰਿੰਸੀਪਲ ਡਾ. ਰੁਪਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਇਤਿਹਾਸ ਤੋਂ ਸੇਧ ਲੈਣ ਅਤੇ ਪੜ੍ਹਾਈ ਵਿਚ ਵੱਧ ਤੋਂ ਵੱਧ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਹਾਇਕ ਪੰਜਾਬੀ ਪ੍ਰੋ. ਡਾ. ਰਾਜਬੀਰ ਕੌਰ ਨੇ ਸੰਬੋਧਨ ਕਰਦਿਆਂ ਮੌਜੂਦਾ ਸਮੇਂ ਸਿੱਖ ਪੰਥ ਨੂੰ ਦਰਪੇਸ਼ ਚੁਣੌਤੀਆਂ ਦਾ ਮੁਕਾਬਲਾ ਇਤਿਹਾਸ ਦੀ ਸੇਧ ਵਿਚ ਇਕਜੁਟਤਾ ਨਾਲ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਮੌਕੇ ਸੁਪਰਡੈਂਟ ਹਰਜਿੰਦਰ ਸਿੰਘ ਮੱਲ੍ਹਨੰਗਲ, ਡਾ. ਗੁਰਪ੍ਰੀਤ ਕੌਰ, ਡਾ. ਰਾਜਬੀਰ ਕੌਰ, ਪ੍ਰੋ. ਗਗਨਦੀਪ ਸਿੰਘ, ਪ੍ਰੋ. ਸੰਦੀਪ ਕੌਰ, ਪ੍ਰੋ. ਹਰਪ੍ਰੀਤ ਕੌਰ, ਪ੍ਰੋ. ਸੁਖਦੀਪ ਸਿੰਘ, ਪ੍ਰੋ. ਗੁਰਸਿਮਰਨ ਸਿੰਘ, ਪ੍ਰੋ. ਬਲਜਿੰਦਰ ਕੌਰ, ਪ੍ਰੋ. ਨਵਜੀਤ ਕੌਰ, ਪ੍ਰੋ. ਨਵਪ੍ਰੀਤ ਕੌਰ, ਪ੍ਰੋ. ਗੁਰਸਾਹਿਬ ਸਿੰਘ, ਹਰਮਿੰਦਰ ਸਿੰਘ, ਜਸਬੀਰ ਸਿੰਘ ਆਦਿ ਸਮੂਹ ਸਟਾਫ ਮੈਂਬਰ ਹਾਜ਼ਰ ਸਨ।



**ਸ਼ਹੀਦ ਬਾਬਾ ਜੀਵਨ ਸਿੰਘ ਖ਼ਾਲਸਾ ਕਾਲਜ ਦੇ ਵਿਦਿਆਰਥੀ ਜਿਨ੍ਹਾਂ ਨੇ ਨਤੀਜੇ 'ਚੋਂ ਚੰਗੀਆਂ ਪੁਜੀਸ਼ਨਾਂ ਹਾਸਿਲ ਕੀਤੀਆਂ।**

## ਸ਼ਹੀਦ ਬਾਬਾ ਜੀਵਨ ਸਿੰਘ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਨੇ 12ਵੀਂ ਦੀ ਪ੍ਰੀਖਿਆ 'ਚੋਂ ਮਾਰੀਆਂ ਮੱਲਾਂ

ਅਟਾਰੀ, 6 ਮਈ (ਰਾਜਿੰਦਰ ਸਿੰਘ ਰੂਬੀ, ਗੁਰਦੀਪ ਸਿੰਘ ਅਟਾਰੀ)-ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਰਹਿਨੁਮਾਈ ਤੇ ਵਿੱਦਿਆ ਸਕੱਤਰ ਸੁਖਮਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਚੱਲ ਰਹੇ ਕਾਲਜ ਸ਼ਹੀਦ ਬਾਬਾ ਜੀਵਨ ਸਿੰਘ ਸਤਲਾਣੀ ਸਾਹਿਬ ਦਾ ਹਾਲ ਹੀ ਵਿਚ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਐਲਾਨੇ ਗਏ ਬਾਰ੍ਹਵੀਂ ਦੇ ਨਤੀਜਿਆਂ ਵਿਚ ਸ਼ਾਨਦਾਰ ਪ੍ਰਦਰਸ਼ਨ ਰਿਹਾ। ਵਿਦਿਆਰਥੀਆਂ ਵਲੋਂ ਕ੍ਰਮਵਾਰ ਆਰਟਸ, ਸਾਇੰਸ ਤੇ ਕਾਮਰਸ ਗਰੁੱਪਾਂ ਵਿਚੋਂ ਸ਼ਾਨਦਾਰ ਨੰਬਰ ਪ੍ਰਾਪਤ ਕੀਤੇ ਗਏ। ਕਾਲਜ ਪ੍ਰਿੰਸੀਪਲ ਡਾ. ਰੁਪਿੰਦਰ ਸਿੰਘ ਨੇ ਵਿਦਿਆਰਥੀਆਂ, ਮਾਪਿਆਂ ਅਤੇ ਸਮੂਹ ਸਟਾਫ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਆਰਟਸ ਗਰੁੱਪ ਵਿਚ ਸਰਗੁਨ 88.8% ਪਹਿਲੇ, ਏਕਨੂਰ ਸਿੰਘ 84.2% ਦੂਸਰੇ ਅਤੇ ਜਸ਼ਨਦੀਪ ਕੌਰ 83% ਨੰਬਰ ਲੈ ਕੇ ਤੀਸਰੇ ਸਥਾਨ 'ਤੇ ਰਹੇ। ਇਸੇ ਤਰ੍ਹਾਂ ਸਾਇੰਸ ਗਰੁੱਪ ਦੇ ਵਿਦਿਆਰਥੀ ਸਿਮਰਨ ਭਗਤ ਸਿੰਘ 82.4% ਪਹਿਲੇ, ਸਾਜਨਪ੍ਰੀਤ ਸਿੰਘ 82% ਦੂਜੇ ਅਤੇ ਅਰਸ਼ਦੀਪ ਸਿੰਘ 80.4% ਅੰਕ ਲੈ ਕੇ ਤੀਜੇ ਸਥਾਨ 'ਤੇ ਰਹੇ। ਕਾਮਰਸ ਗਰੁੱਪ ਵਿਚ ਪੁਖਰਾਜ ਸਿੰਘ 83% ਪਹਿਲਾ, ਮਨਮੀਤ ਸਿੰਘ 82% ਦੂਜਾ ਤੇ ਜਸਕਰਨ ਸਿੰਘ 81.8% ਅੰਕ ਪ੍ਰਾਪਤ ਕਰਕੇ ਤੀਜੇ ਸਥਾਨ 'ਤੇ ਰਹੇ। ਪ੍ਰਿੰਸੀਪਲ ਰੁਪਿੰਦਰ ਸਿੰਘ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਬਾਕੀ ਵਿਦਿਆਰਥੀ ਨੇ ਵੀ ਚੰਗੇ ਅੰਕ ਪ੍ਰਾਪਤ ਕੀਤੇ ਤੇ ਕਾਲਜ ਬਾਰ੍ਹਵੀਂ ਦਾ ਨਤੀਜਾ ਸ਼ਾਨਦਾਰ ਰਿਹਾ। ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਵਧਾਈ ਦੇਣ ਮੌਕੇ ਡਾ. ਗੁਰਪ੍ਰੀਤ ਕੌਰ, ਪ੍ਰੋ. ਗਗਨਦੀਪ ਸਿੰਘ, ਡਾ. ਰਾਜਬੀਰ ਕੌਰ, ਪ੍ਰੋ. ਹਰਪ੍ਰੀਤ ਕੌਰ, ਪ੍ਰੋ. ਗੁਰਸਿਮਰਨ ਸਿੰਘ, ਪ੍ਰੋ. ਗੁਰਸਾਹਿਬ ਸਿੰਘ, ਪ੍ਰੋ. ਸੁਖਦੀਪ ਸਿੰਘ, ਪ੍ਰੋ. ਬਲਜਿੰਦਰ ਕੌਰ, ਪ੍ਰੋ. ਪ੍ਰੀਤਇੰਦਰ ਕੌਰ ਕਾਲਜ ਸੁਪਰਡੈਂਟ ਸ: ਹਰਜਿੰਦਰ ਸਿੰਘ, ਜਸਬੀਰ ਸਿੰਘ ਤੇ ਪਰਮਵੀਰ ਸਿੰਘ ਆਦਿ ਹਾਜ਼ਰ ਸੀ।



ਸ਼ਹੀਦ ਬਾਬਾ ਜੀਵਨ ਸਿੰਘ ਖ਼ਾਲਸਾ ਕਾਲਜ ਸਤਲਾਣੀ ਸਾਹਿਬ ਵਿਖੇ ਐੱਨ. ਐੱਸ. ਐੱਸ. ਯੂਨਿਟ ਤੇ ਈਕੋ ਕਲੱਬ ਦੇ ਇੰਚਾਰਜ ਪ੍ਰੋ. ਗੁਰਸਿਮਰਨ ਸਿੰਘ ਤੇ ਵਲੰਟੀਅਰਾਂ ਵਲੋਂ ਬੂਟਿਆਂ ਦੀ ਸਾਂਭ ਸੰਭਾਲ ਤੇ ਕਾਲਜ ਵਿਚ ਸਫ਼ਾਈ ਅਭਿਆਨ ਚਲਾਉਣ ਮੌਕੇ ਪ੍ਰਿੰਸੀਪਲ ਡਾ. ਰੁਪਿੰਦਰ ਸਿੰਘ, ਸਟਾਫ਼ ਮੈਂਬਰ ਤੇ ਵਿਦਿਆਰਥੀ। ਤਸਵੀਰ : ਗੁਰਦੀਪ ਸਿੰਘ ਅਟਾਰੀ